੧ੴ ਸ੍ਰੀ ਵਾਹਿਗੁਰੂ ਜੀ ਕੀ ਫਤਹਿ॥
ਹਮ ਇਹ ਕਾਜ ਜਗਤ ਮੋ ਆਏ॥ ਧਰਮ ਹੇਤ ਗੁਰਦੇਵ ਪਠਾਏ॥

# ਖਾਲਸਾ ਸਮਾਚਾਰ
Khalsa Samachar

ਸੰਸਥਾਪਕ
ਭਾਈ ਸਾਹਿਬ ਭਾਈ ਵੀਰ ਸਿੰਘ
Founded by
BHAI VIR SINGH IN 1899 A.D.

ਸਪਤਾਹਿਕ/ਨਵੀਂ ਦਿੱਲੀ
ਸਥਾਪਤ 1899 ਈ.
www.bvsss.org
ਫ਼ੀ ਪਰਚਾ 5/-

ਅੰਕ ੬ ਜਿਲਦ ੩੧ ੩੧ ਦਸੰਬਰ - ੬ ਜਨਵਰੀ ੨੦੨੦-੨੧, ੧੭-੨੩ ਪੋਹ ੨੦੭੭ ਨਾਨਕਸ਼ਾਹੀ ਸੰਮਤ ੫੫੨
ਸਾਲਾਨਾ ਚੰਦਾ ਦੇਸ਼ ੨੫੦/-, ਵਿਦੇਸ਼ ੨੫੦੦/- ਅਤੇ ਲਾਈਫ਼ ਮੈਂਬਰਸ਼ਿਪ ਦੇਸ਼ ੨੫੦੦/-, ਵਿਦੇਸ਼ ੨੫੦੦੦/-
Issue 6 Volume 31, 31 December - 6 January 2020-21
Yearly Subscription India 250/-, Abroad 2500/- and Life Membership India 2500/-, Abroad 25000/-

## ਇਤਫ਼ਾਕ

❖ ਭਾਈ ਸਾਹਿਬ ਭਾਈ ਵੀਰ ਸਿੰਘ

ਯੂਨਾਨ ਦੇਸ਼ ਵਿਚ ਇਕ ਵੇਰੀ ਲੋਕਾਂ ਵਿਚ ਨਿਫ਼ਾਕ ਦੀ ਅੱਗ ਐਤਨੀ ਫੈਲੀ ਕਿ ਦੇਸ਼ ਦੇ ਆਪੋ ਵਿਚ ਕੱਟ ਵੱਢਕੇ ਤਬਾਹ ਹੋ ਜਾਣ ਦਾ ਭੈ ਹੋ ਗਿਆ। ਇਕ ਦਾਨੇ ਹਕੀਮ ਨੇ ਅਪਣੀ ਕੌਮ ਦੀ ਇਹ ਦੁਰਗਤੀ ਦੇਖਕੇ ਬੜਾ ਭੈ ਖਾਧਾ। ਆਪੋ ਵਿਚ ਫੁੱਟ, ਧੜੇਬਾਜ਼ੀ ਤੇ ਖ਼ੁਦਗਰਜ਼ੀਆਂ ਦੀ ਗਰਮ ਬਾਜ਼ਾਰੀ ਨੇ ਉਸ ਕੌਮੀ ਤਰੱਕੀ ਦੀ ਸਿੱਕ ਵਾਲੇ ਸਿਆਣੇ ਦਾ ਦਿਲ ਤੋੜ ਦਿਤਾ। ਅਨੇਕ ਉਪਾਵ ਕੀਤੇ ਪਰ ਕੁਝ ਨਾਂ ਪੇਸ਼ ਗਈ। ਇਕ ਦਿਨ ਉਸ ਨੂੰ ਇਕ ਦ੍ਰਿਸ਼ਟਾਂਤ ਫੁਰਿਆ ਜੋ ਉਸ ਨੇ ਦੂਸਰੇ ਦਿਨ ਸਭ ਨੂੰ ਸੁਣਾਇਆ। ਇਸ ਦ੍ਰਿਸ਼ਟਾਂਤ ਨੇ ਨਿਫ਼ਾਕ ਦੀਆਂ ਛੁਰੀਆਂ ਨਾਲ ਘਾਇਲ ਹਿਰਦਿਆਂ ਉਤੇ ਮਲ੍ਹਮ ਦਾ ਅਸਰ ਕੀਤਾ, ਵੈਰ ਤੇ ਈਰਖਾ ਦੀ ਅੱਗ ਬੁਝ ਗਈ ਅਰ ਕੌਮੀ ਸੀਤਲਤਾ ਵਰਤ ਗਈ। ਉਹ ਦ੍ਰਿਸ਼ਟਾਂਤ, ਜਿਸ ਨੇ ਇਕ ਕੌਮ ਨੂੰ ਨਿਫ਼ਾਕ ਤੋਂ ਬਚਾਇਆ, ਚਾਹੀਦਾ ਹੈ, ਕਿ ਇਸ ਵੇਲੇ ਨਿਫ਼ਾਕ ਦੇ ਰੋਗ ਨਾਲ ਪੀੜਤ ਖਾਲਸਾ ਕੌਮ ਨੂੰ ਮੈਤ੍ਰੀ ਦੀ ਤੰਦਰੁਸਤੀ ਪ੍ਰਦਾਨ ਕਰੇ। ਦ੍ਰਿਸ਼ਟਾਂਤ ਇਹ ਸੀ ਕਿ:- 'ਇਕ ਦਿਨ ਹੱਥ, ਪੈਰ, ਨੱਕ, ਮੂੰਹ, ਅੱਖਾਂ, ਕੰਨਾਂ ਨੇ ਕਿਹਾ ਕਿ ਅਸੀਂ ਸਾਰੇ ਕੰਮ ਕਰਦੇ ਹਾਂ ਪਰ ਢਿੱਡ ਕੁਝ ਨਹੀਂ ਕਰਦਾ, ਇਹ ਵਿਹਲਾ ਬੈਠਾ ਚੌਧਰੀ ਸਾਡੀ ਸਾਰੀ ਕਮਾਈ ਖਾ ਜਾਂਦਾ ਹੈ, ਆਓ ਇਸ ਘਰ ਬੈਠੇ ਨਾਲ ਰੁੱਸ ਪਵੋ। ਸਾਰੇ ਸਰੀਰ ਦੇ ਅੰਗ ਆਪੋ ਵਿਚ ਰੁੱਸ ਬੈਠੇ, ਢਿੱਡ ਵਿਚਾਰਾ ਬੀ ਸਬਰ ਕਰ ਰਿਹਾ। ਪਰ ਦੇਖੋ ਸਹਿਜੇ ਸਹਿਜੇ ਕੀ ਅਸਰ ਹੋਇਆ? ਕਿ ਸਾਰੇ ਅੰਗ ਨਿਤਾਣੇ ਹੋਣ ਲੱਗ ਗਏ, ਨਾ ਪੈਰਾਂ ਵਿਚ ਤੁਰਨ ਦੀ ਸੱਤਾ, ਨਾ ਹੱਥਾਂ ਵਿਚ ਕੰਮ ਕਰਨ ਦੀ ਤਾਕਤ, ਨਾ ਕੰਨਾਂ ਵਿਚ ਸੁਣਨ ਦਾ ਜ਼ੋਰ, ਨਾ ਅੱਖਾਂ ਵਿਚ ਦੇਖਣ ਦਾ ਬਲ ਰਹਿ ਗਿਆ। ਇਸ ਤਰ੍ਹਾਂ ਜਦ ਸਾਰੇ ਦੁਰਗਤੀ ਨੂੰ ਪਹੁੰਚ ਗਏ ਤਾਂ ਕਿਸੇ ਸਿਆਣੇ ਨੇ ਸਮਝਾਇਆ ਕਿ ਮੂਰਖੋ ਤੁਹਾਡਾ ਸਭ ਦਾ ਜੀਵਨ ਤਾਂ ਪਰਸਪਰ ਸਹਾਯਤਾ ਅਰ ਮੈਤ੍ਰੀ ਉਤੇ ਹੈ, ਤੁਸੀਂ ਇਸ ਤਰ੍ਹਾਂ ਰੁੱਸਕੇ ਸਾਰੇ ਹੀ ਮਰ ਜਾਓਗੇ। ਜਿਸ ਨੂੰ ਤੁਸਾਂ ਵਿਹਲਾ ਜਾਣਕੇ ਰੁਸੇਵਾਂ ਕੀਤਾ ਹੈ, ਉਹ ਤੁਹਾਡੇ ਸਭਨਾਂ ਦੀ ਕਮਾਈ ਤੁਹਾਨੂੰ ਹੀ ਪਹੁੰਚਾ ਦੇਂਦਾ ਹੈ; ਉਹ ਵਿਹਲਾ ਨਹੀਂ, ਤੁਹਾਡਾ ਬਲ ਤੇ ਸਾਰੀ ਸੱਤਾ ਉਸੇ ਦੀ ਦਿਤੀ ਹੋਈ ਹੈ। ਇਹ ਬਾਤ ਸਮਝਕੇ ਸਾਰੇ ਅੰਗਾਂ ਨੇ ਨਿਫ਼ਾਕ ਛੱਡ ਦਿਤਾ ਅਰ ਪਿਆਰ ਨਾਲ ਕੰਮ ਕਰਨ ਲਗ ਗਏ, ਸਰੀਰ ਤਕੜਾ ਹੋ ਗਿਆ।' ਸਰੀਰ ਦੀ ਤਰ੍ਹਾਂ ਹੀ ਕੌਮ ਹੈ, ਜਿਸ ਵਿਚ ਹਰੇਕ ਅੰਗ ਕੰਮ ਕਰਦਾ ਹੈ, ਅਰ ਹਰੇਕ ਪਰਸਪਰ ਸਹਾਜਤਾ ਕਰਕੇ ਸਾਰੀ ਕੌਮ ਨੂੰ ਜੀਉਂਦਿਆਂ ਰਖਦਾ ਹੈ। ਜਦ ਇਕ ਇਕ ਅੰਗ ਨਿਫ਼ਾਕ ਦੇ ਅੱਖਰ ਪੜ੍ਹਕੇ ਅੱਡ ਅੱਡ ਹੋ ਜਾਵੇ ਤਦ ਉਹ ਕੌਮ ਕਦੇ ਨਹੀਂ ਜੀਉ ਸਕਦੀ। ਸੋ ਹੇ ਮਿੱਤ੍ਰ ਜਨੋ! ਕੌਮ ਖਾਲਸਾ ਦੇ ਅੰਗੋ! ਆਪੋ ਵਿਚ ਮੈਤ੍ਰੀ ਕਰੋ, ਇਤਫ਼ਾਕ ਕਰੋ, ਏਕਾ ਕਰੋ। ਨਿਫ਼ਾਕ ਤੇ ਫੁੱਟ ਨੂੰ ਕੱਢ ਦਿਓ।

ਇਕ ਵਿਚਾਰ ਵਾਲੀ ਬਾਤ ਇਹ ਹੈ ਕਿ ਕਿਆ ਅਸਾਂ ਹੁਣ ਕੁਝ ਧੜੇਬਾਜ਼ੀ ਨਾਲ ਨਾਤਾ ਤੋੜਨ ਦਾ ਯਤਨ ਕੀਤਾ ਹੈ? ਜਦ ਗ਼ੌਰ ਕਰੀਏ ਤਦ ਪਤਾ ਲਗਦਾ ਹੈ ਕਿ ਕੌਮ ਵਿਚ ਇਸ ਬਾਤ ਦੀ ਵਿਚਾਰ ਕਾਇਮ ਜ਼ਰੂਰ ਹੈ, ਅਰ ਕੌਮ ਦੇ ਸੱਚੇ ਸ਼ੁਭਚਿੰਤਕ ਇਸ ਬਾਤ ਪਰ ਅਮਲ ਬੀ ਕਰਨੇ ਦਾ ਜਤਨ ਕਰਦੇ ਹਨ, ਪਰ ਫੁੱਟ ਦੀ ਅੱਗ ਅਜੇ ਸੁਲਗਦੀ ਹੈ। ਇਹ ਅੱਗ ਕੌਮ ਦੀ ਕੱਢੀ ਨਿਕਲ ਸਕਦੀ ਹੈ, ਕਿਉਂਕਿ ਕੌਮ ਆਪ ਇਸ ਨੂੰ ਹੁਣ ਬਾਲ ਨਹੀਂ ਰਹੀ। ਜਿਨ੍ਹਾਂ ਲੋਕਾਂ ਨੂੰ ਲਾਭ ਹੀ ਨਿਫ਼ਾਕ ਨਾਲ ਪਹੁੰਚਦਾ ਹੈ, ਉਹ ਲੋਕ ਇਤਫ਼ਾਕ ਨੂੰ ਦੂਰ ਕਰਨ ਦੇ ਹੀ ਉਪਰਾਲੇ ਸੋਚਦੇ ਰਹਿੰਦੇ ਹਨ। ਇਕ ਕਵੀ ਨੇ ਕਿਹਾ ਹੈ, 'ਚੋਰਹਿ ਚਾਂਦਨਿ ਰਾਤ ਨ ਭਾਵਾ' ਕਿ ਚੋਰ ਨੂੰ ਚਾਨਣੀ ਰਾਤ ਨਹੀਂ ਭਾਉਂਦੀ। ਇਸੀ ਤਰ੍ਹਾਂ ਜਿਨ੍ਹਾਂ ਪਿਆਰਿਆਂ ਨੂੰ ਫੁੱਟ ਵਿਚ ਹੀ ਲਾਭ ਪਹੁੰਚਦਾ ਹੈ, ਉਹ ਸੁਤੇ ਹੀ ਕੌਮੀ ਲਹਿਲਹਾਉਂਦੇ ਬਗ਼ੀਚੇ ਵਿਚ ਫੁੱਟ ਦੀ ਬਿੱਛੂ ਬੂਟੀ ਬੀਜਦੇ ਰਹਿੰਦੇ ਹਨ। ਕੌਮ ਨੂੰ ਚਾਹੀਦਾ ਹੈ ਕਿ ਸੁਚੇਤ ਹੋਵੇ ਅਰ ਸਮਝ ਲਵੇ ਕਿ ਜੋ ਫੁੱਟ ਦਾ ਨਮੂਨਾ ਖੜਾ ਕਰਦਾ ਹੈ ਉਹ ਕੌਮ ਦਾ ਅਸਲ ਘਾਤਕ ਹੈ। ਕਿੰਨਾ ਜ਼ਰੂਰੀ ਹੈ ਸਾਡੇ ਵਾਸਤੇ ਕਿ ਅਸੀਂ ਮੈਤ੍ਰੀ ਤੇ ਪਿਆਰ ਵਿਚ ਉਨਤੀ ਕਰੀਏ? ਭਰਾਵਾਂ ਨਾਲ ਖਿਮਾ ਤੇ ਸਹਾਰੇ ਦੀ ਵਰਤਣ ਵਰਤੀਏ, ਅਪਣੱਤ ਤੇ ਖ਼ੁਦਗਰਜ਼ੀ ਨੂੰ ਛੱਡਕੇ ਕੌਮੀ ਉਨਤੀ ਲਈ ਕੌਮੀ ਪਿਆਰ ਦੇ ਮੰਡਲ ਵਿਚ ਖੜੋਕੇ ਪਰਸਪਰ ਸਹਾਯਤਾ ਕਰੀਏ, ਅਰ ਨਿਫ਼ਾਕ ਪਾਉਣ ਵਾਲਿਆਂ ਤੋਂ ਹਰ ਦਮ ਚੌਕਸ ਰਹੀਏ।

ਆਪ ਵਿਚੋਂ ਕਿਸ ਨੂੰ ਪਤਾ ਨਹੀਂ ਕਿ ਜਾਪਾਨ ਨੇ ਕਿੰਨੀ ਉੱਨਤੀ ਕੀਤੀ ਹੈ? ਆਪ ਸੁਣਕੇ ਹੈਰਾਨ ਹੋਵੋਗੇ ਕਿ ਐਤਨੇ ਕਰੋੜ ਜਾਪਾਨੀਆਂ ਵਿਚੋਂ ਇਤਨੇ

### ਅੰਦਰ


- ਕੁਦਰਤ ਸਾਹਿਤ ਤੇ ਭਾਈ ਵੀਰ ਸਿੰਘ 3
- ਸੰਤ ਬਿਮਲਾ ਸਿੰਘ : ਭਾਈ ਸੋਮਾ 5
- Sikhs in France 7
- ਸਰਬਲੋਹ ਦੀ ਆਰਤੀ 9
- ਸ਼ਬਦ ਵਿਆਖਿਆ 11
- ਰਿਪੋਰਟ : ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਦੀ ਸ਼ਹੀਦੀ ਤੇ ਚਰਚਾ 12

ਭਾਰੇ ਸੰਗ੍ਰਾਮ ਵਿਚ ਅਰ ਇਸ ਭਾਰੀ ਕੌਮੀ ਔਕੜ ਦੇ ਵੇਲੇ ਕਿਸੇ ਇਕ ਜਾਪਾਨੀ ਨੇ ਦੇਸ ਨਾਲ ਦ੍ਰੋਹ ਨਹੀਂ ਕੀਤਾ, ਕਿਸੇ ਨੇ ਫੁੱਟ ਨਹੀਂ ਵਧਾਈ, ਕਿਸੇ ਨੇ ਆਪਣੇ ਲੋਭ ਲਾਲਚ ਬਦਲੇ ਕੌਮ ਨਾਲ ਕੋਈ ਦਗ਼ਾ ਨਹੀਂ ਕੀਤਾ। ਪਰ ਹੁਣ ਥੋੜੇ ਦਿਨ ਹੋਏ ਤਦ ਉਸ ਭਾਗੀ ਭਰੇ ਦੇਸ਼ ਵਿਚ ਇਕ ਪਾਮਰ ਨਿਕਲਿਆ ਜਿਸ ਨੇ ਅੱਠ ਹਜ਼ਾਰ ਪੌਂਡ ਲੈਕੇ ਜੰਗ ਦਾ ਇਕ ਨਕਸ਼ਾ ਵੈਰੀਆਂ ਨੂੰ ਦੇ ਦਿਤਾ। ਪਾਪ ਗੁੱਝਾ ਨਹੀਂ ਰਹਿੰਦਾ, ਪ੍ਰਗਟ ਹੋ ਗਿਆ। ਇਸ ਕੌਮ ਘਾਤੀ ਦਾ ਇਸਦੇ ਪਿਤਾ, ਮਾਂ, ਵਹੁਟੀ, ਪੁਤ ਮਿੱਤਰ, ਸਾਕ ਅੰਗ ਸਾਰਿਆਂ ਨੇ ਤ੍ਰਿਸਕਾਰ ਕਰ ਦਿਤਾ, ਅਰ ਉਹ ਜੀਉਂਦਾ ਹੀ ਮਾਨੋ ਮਰ ਗਿਆ।

ਇਸ ਵਾਕਿਆ ਤੋਂ ਸਿੱਧਾਂਤ ਇਹ ਨਿਕਲਦਾ ਹੈ ਕਿ ਜਾਪਾਨ ਵਿਚ ਕੌਮੀ ਪਿਆਰ ਇਤਨਾ ਹੈ ਕਿ ਉਸ ਵਿਚ ਕੇਵਲ ਇਕ ਦੇਸ਼ ਦ੍ਰੋਹੀ ਨਿਕਲਿਆ, ਜਿਸ ਨੂੰ ਕੌਮੀ ਪਿਆਰ ਦੀ ਖ਼ਾਤਰ ਆਪਨਿਆਂ ਨੇ ਬੀ ਤ੍ਰਿਸਕਾਰ ਦਿਤਾ, ਇਸੇ ਕੌਮੀ ਪਿਆਰ ਨੇ ਉਨ੍ਹਾਂ ਨੂੰ ਬਜ਼ੁਰਗ ਕਰ ਦਿੱਤਾ ਹੈ। ਐਸ ਨੀਚ ਨੇ, ਜਿਸਨੇ ਦੇਸ਼ ਤੇ ਕੌਮ ਨਾਲ ਘਾਤ ਕੀਤਾ, ਅਪਨੇ ਦੇਸ਼ ਦੇ ਮੁਜਬ ਸਜ਼ਾ ਪਾਉਣੀ ਹੀ ਸੀ, ਪਰ ਤੁਸੀਂ ਕੌਮੀ ਪਿਆਰ ਵੱਲ ਦੇਖੋ ਕਿ ਸੱਕੇ ਸਾਕਾਂ ਤੇ ਪਿਆਰੇ ਮਿਤ੍ਰਾਂ ਨੇ ਬੀ ਉਸ ਨੂੰ ਵਬਾ ਦੀ ਬੀਮਾਰੀ ਜਾਣਕੇ ਆਪਣੇ ਤੋਂ ਦੂਰ ਕੀਤਾ।

ਸਿੱਖਣ ਵਿੱਢ ਲਵੋ ਖਾਲਸਾ ਜੀ! ਅਰ ਫੁੱਟ ਦੇ ਦੂਤਾਂ ਨਾਲ ਪਿਆਰ ਨਾ ਕਰੋ। ਅਪਣਾ ਇਤਿਹਾਸ ਕੱਢਕੇ ਵੇਖੋ, ਤੁਹਾਨੂੰ ਸਦਾ ਫੁੱਟ ਨੇ ਡੋਬਿਆ ਹੈ। ਦਿੱਲੀ ਦੇ ਤਖ਼ਤ ਉਤੇ ਇਕ ਵੇਲੇ ਤੁਸਾਂ ਨੇ ਕਬਜ਼ਾ ਕਰ ਲਿਆ ਸੀ ਅਰ ਸਰਦਾਰ ਜੱਸਾ ਸਿੰਘ ਨੂੰ ਮੁਗਲੀਆ ਤਖ਼ਤ ਤੇ ਤੇਲ ਚੜ੍ਹਾਕੇ ਸ਼ਹਨਸ਼ਾਹ ਥਾਪ ਦਿੱਤਾ ਸੀ, ਉਸ ਵੇਲੇ ਤੁਹਾਨੂੰ ਕੌਣ ਦਿੱਲੀ ਦੇ ਤਖ਼ਤ ਤੋਂ ਉਤਾਰਨ ਵਾਲਾ ਸੀ? ਨਾ ਨਵਾਬ, ਨਾ ਸਮਰੋ ਬੇਗਮ, ਨਾ ਮਰਹਟੇ, ਨਾ ਪਠਾਣ, ਨਾ ਰਾਜਪੂਤ; ਪਰ ਤੁਹਾਡੀ ਆਪਣੀ ਫੁੱਟ, ਤੁਹਾਡਾ ਆਪਣਾ ਨਿਫ਼ਾਕ, ਤੁਹਾਡਾ ਨਿਜ ਨੂੰ ਕੌਮ ਨਾਲੋਂ ਵਧੀਕ ਪਿਆਰ ਕਰਨ ਦਾ ਐਬ, ਤੁਹਾਡੀ "ਹਾਇ ਮੈਂ ਹੋਵਾਂ" ਦੀ ਕਾਣ। ਇਸ ਵੇਲੇ ਫੁੱਟ ਨੇ ਨਾ ਤੁਹਾਨੂੰ ਤਖ਼ਤ ਤੋਂ ਹੀ ਵਾਂਝਿਆ ਪਰ ਪਰਦੇਸ ਵਿਚ, ਵੈਰੀਆਂ ਦੇ ਘੁਰੇ ਵਿਚ ਤੁਹਾਡੇ ਇਕ ਦਮ ਤਬਾਹ ਹੋ ਜਾਣ ਦੀ ਨੌਬਤ ਪਹੁੰਚ ਗਈ ਸੀ। ਜੇ ਕਦੀ ਸਰਦਾਰ ਬਘੇਲ ਸਿੰਘ ਉਸ ਵੇਲੇ ਅਪਣੀ ਅਕਲ ਨਾਲ ਸਮੇਂ ਨੂੰ ਨਾ ਨਜਿੱਠਦੇ ਤਦ ਦੂਲੇ ਸਿੰਘ ਮਲਵਈ ਤੇ ਮਝੈਲ ਕਦੇ ਘਰੀਂ ਨਾ ਮੁੜਦੇ। ਮਿਸਲਾਂ ਦੀ ਬੇੜੀ ਗ਼ਰਕ ਫੁੱਟ ਨੇ ਕੀਤੀ। ਮਹਾਰਾਜਾ ਰਣਜੀਤ ਸਿੰਘ ਦੇ ਸੂਰਬੀਰ ਦਰਬਾਰ ਦਾ ਤਿਣਕਾ ਤਿਣਕਾ ਨਿਫ਼ਾਕ ਨੇ ਉਡਾ ਦਿੱਤਾ। ਕੀ ਬਾਕੀ ਹੈ ਜੋ ਨਿਫ਼ਾਕ ਨੇ ਤੁਹਾਡੇ ਨਹੀਂ ਕੀਤਾ, ਪਰ ਫੇਰ ਅਜੇ ਨਿਫ਼ਾਕ ਨੂੰ ਆਪ ਨਹੀਂ ਛੱਡਦੇ। ਹੁਣ ਤਾਂ ਹੋਰ ਕੁਝ ਨਹੀਂ ਇਕ ਕੌਮੀ ਜੀਵਨ ਹੈ ਸੋ ਬੀ ਅਣੀ ਤੇ ਖੜਾ ਹੈ; ਨਿਫ਼ਾਕ ਦੀ ਇਕ ਚਪੇੜ ਨੂੰ ਉਡੀਕਦਾ ਹੈ। ਦੇਖਣਾ ਹੁਣ ਇਸ ਪਾਪੀ ਦਾ ਦਾਉ ਨਾ ਖਾਣਾ। ਤੁਸਾਂ ਕਦੇ ਕ੍ਰਿਕਟ ਖੇਡਦੇ ਮੁੰਡੇ ਵੇਖੇ ਹਨ? ਇਕ ਖੇਡਣ ਵਾਲਾ ਹੁੰਦਾ ਹੈ, ਅਰ ਯਾਰਾਂ ਉਸਦੇ ਉਦਾਲੇ ਉਸਨੂੰ ਮਾਰਨ ਵਾਲੇ ਹੁੰਦੇ ਹਨ। ਉਹ ਅਪਣੀ ਰਖਜਾ ਕੇਵਲ ਇਕ ਫੱਟੀ (Bat) ਨਾਲ ਕਰਦਾ ਹੈ। ਇਸੀ ਪ੍ਰਕਾਰ ਆਪ ਬੀ ਮਾਰਨ ਵਾਲਿਆਂ ਨਾਲ ਘੇਰੇ ਪਏ ਹੋ। ਕੌਮੀ ਪਿਆਰ ਦੀ ਫੱਟੀ ਆਪ ਨੂੰ ਬਚਾ ਸਕਦੀ ਹੈ। ਜੇ ਇਹ ਬੀ ਆਪ ਨੇ ਹੱਥੋਂ ਸਿੱਟ ਦਿੱਤੀ, ਤਦ ਆਪੇ ਹੀ ਜਾਣੋ ਕਿ ਬਚਾਉ ਕਿਸ ਪ੍ਰਕਾਰ ਹੋਵੇਗਾ?

ਆਓ! ਮੈਤ੍ਰੀ ਕਰੋ, ਆਓ ਕੌਮੀ ਲਾਭ ਨੂੰ ਨਿਜ ਦੇ ਲਾਭ ਤੋਂ ਜ਼ਰੂਰੀ ਸਮਝੋ। ਆਓ ਭਰਾਵਾਂ ਦਾ ਸਹਾਰਾ ਸਿੱਖੋ ਅਰ ਮਿਲਕੇ ਕੰਮ ਕਰੋ। ਆਓ ਫੁੱਟ ਨੂੰ ਦੂਰ ਕਰੋ, ਨਿਫ਼ਾਕ ਦੇ ਅਸਰ ਹੇਠ ਨਾ ਆਓ। ਪਾਟੋਧਾੜ ਦੀਆਂ ਲਹਿਰਾਂ ਦੇ ਸਾਮਣੇ ਪੱਥਰ ਬਣਕੇ ਦੱਸੋ ਅਰ ਨਿਫ਼ਾਕ ਦੇ ਦੂਤਾਂ ਦਾ ਵਿਸਾਹ ਨਾ ਕਰੋ।

**-ਖਾਲਸਾ ਸਮਾਚਾਰ, ਮਿਤੀ 4 ਅਪ੍ਰੈਲ 1905 ਈ:**

## ਇਕ ਸੁਹਣੀ ਵੀਚਾਰ

ਜੇਹੀ ਮਿਲੀ ਸੁ ਖਾਇਕੇ ਸੌਂ ਕੇ ਪੌਣੀ ਰਾਤ,
ਕਿਰਤ ਕਮਾਈ ਧਰਮ ਦੀ ਕਰ ਕੀਤੀ ਗੁਜ਼ਰਾਨ।
ਭਲਾ ਚਿਤਵਿਆ ਸਭਸ ਦਾ ਕਿਸੇ ਨ ਦਿੱਤਾ ਦੁੱਖ
ਫਿਰ ਜੋ ਸਾਂਈਂ ਪਯਾਰਿਆਂ ਦੇਵੇ ਕਿਉਂ ਕੋਈ ਤਾਅਨ।
ਕਿਉਂ ਆਖਣ ਉਸ: ਭੋਲਿਆ! ਸਾਂਈਂ ਮਗਰ ਨ ਲੱਗ
ਜਦ ਓ ਸਾਰੇ ਹੋ ਰਹੇ ਮਾਇਆ ਦੇ ਪਿਛ-ਲੱਗ
ਮਾਇਆ ਨੇ ਸਿਖਲਾਇਆ ਲੋਚੋ ਅਪਣਾ ਆਪ,
ਖ਼ੁਦਗਰਜ਼ੀ ਦੇ ਲਾਭ ਨੂੰ ਸਾਜੋ ਅਪਣਾ ਮਾਪ।
'ਮੈਂ ਮੈਂ' 'ਮੈਂ ਮੈਂ' ਕੂਕਦੇ ਖਿੱਚ ਰਹੇ ਤਲਵਾਰ।
ਸਾਂਈਆਂ ਜੀ ਤੋਂ ਭੁੱਲਕੇ ਸਭ ਦਾ ਭਲਾ ਵਿਸਾਰ,
ਸੁਖ ਨ ਪੈਦਾ ਹੋਵਣਾ, ਕਰ ਲਓ ਬੈਠ ਵਿਚਾਰ॥

**-ਪਿਆਰ ਅੱਥਰੂ** 'ਚੋਂ

## ਕਿਸਾਨ ਦੀ ਜੈ ਜੈ ਕਾਰ

ਅੰਨ-ਦਾਤੇ ਦਾ ਅੰਦੋਲਨ ਟਪਿਆ ਸਤ-ਸਮੁੰਦਰੋਂ ਪਾਰ
ਜਾਗੇ ਧਰਤੀ ਦੇ ਨਸੀਬ, ਹੁਣ ਕੰਬਿਆ ਭ੍ਰਿਸ਼ਟਾਚਾਰ।

ਭੇਦ-ਭਾਵ ਸਭ ਮੁੱਕੇ, ਟਹਿਕਿਆ ਟਰਾਲੀਆਂ ਦਾ ਸੰਸਾਰ
ਔਹ ਤੂੰ ਮੈਂ ਸਭ ਹੋਏ ਅਸੀਂ, ਕਿੱਸਾ ਬਣੇ ਕਿਸਾਨ-ਪਿਆਰ।

ਉਪਜ ਸਾਡੀ ਵੇਖ ਵੇਖ ਸਰਮਾਏ ਨੂੰ ਸੁਝਿਆ ਸੀ ਵਪਾਰ
ਕਿਵੇਂ ਮਿਹਨਤ ਨੂੰ ਲਈਏ ਹੜੱਪ, ਮੂੰਹੋਂ ਟਪਕੇ ਲਾਰ।

ਪੌੜੀ ਕਾਨੂੰਨ ਦੀ ਚੜ੍ਹ ਕੇ, ਲੁੱਟ-ਖਸੁੱਟ ਲਈ ਤਿਆਰ
ਪਰ ਕਿਸਾਨਾਂ ਅੜ ਕੇ, ਤੀਸ ਖਾਂ ਲਿਆ ਹੈ ਮਾਰ।

ਟੋਲ-ਪਲਾਜ਼ੇ 'ਚ ਲੰਘੇ ਗੱਡੀ, ਕਿਆ ਟੌਹਰ ਦੇ ਨਾਲ
ਧੰਨਵਾਦ ਕਰੀਏ ਸੱਚੇ ਮਨੋਂ, ਜਿੱਤ ਦਾ ਬਣਿਆ ਅਧਾਰ।

ਜੀਓ ਜੀਓ ਦੇ ਬਦਲੇ ਦਿਨ, ਹੁਣ ਹੋ ਗਈ ਮਾਰ ਮਾਰ
ਪੋਰਟ ਹੋ ਗਈ ਸਿਮ, ਸ਼ਹਿਰ-ਪਿੰਡ ਹਰ ਗਲੀ-ਦਵਾਰ।

ਰਿਲਾਇੰਸ ਰੋਏ ਕਰਮਾਂ ਨੂੰ, ਜਿਹਨੂੰ ਦਿੱਤੇ ਜਿੰਦਰੇ ਮਾਰ
ਤਾੜੀਆਂ ਜੈਕਾਰੇ ਕਿਸਾਨਾਂ ਲਈ ਤੇ ਹਾਕਮ ਨੂੰ ਫਿਟਕਾਰ।

ਤੇਗ ਬਹਾਦਰ ਸਿਮਰੀਐ, ਘਰ ਨਉਨਿਧਿ ਭਰੇ ਅਪਾਰ
ਘਾੜਤ ਘੜੀ ਹੈ ਜਜ਼ਬਾਤਾਂ ਦੀ, ਉੱਚਾ ਸੁੱਚਾ ਹੈ ਕਿਰਦਾਰ।

ਵਾਹਿਗੁਰੂ ਬੋਲੀਏ, ਕਦੇ ਨਾ ਡੋਲੀਏ, ਭੀੜਾਂ ਪੈਣ ਹਜ਼ਾਰ
ਨਿੱਕੀਆਂ ਜਿੰਦਾਂ ਦੇ ਸਾਕੇ ਵੱਡੇ, ਧੰਨ ਸਾਹਿਬਜ਼ਾਦੇ ਚਾਰ।

ਲੁਟੇਰਿਆਂ ਦਾ ਟੁੱਟੇ ਆਧਾਰ, ਵੱਸੇ ਕਿਰਤੀਆਂ ਦਾ ਸੰਸਾਰ
ਅਰਦਾਸਾਂ ਹਰ ਮੁੱਖ ਤੇ, ਹੋਵੇ ਕਿਸਾਨ ਦੀ ਜੈ ਜੈ ਕਾਰ।

**❖ ਡਾ. ਭੁਪਿੰਦਰ ਕੌਰ 'ਕਵਿਤਾ'**

# ਕੁਦਰਤ-ਸਾਹਿਤ ਤੇ ਭਾਈ ਵੀਰ ਸਿੰਘ

❖ ਪ੍ਰਭਜੋਤ ਕੌਰ


ਅੱਜ ਦਾ ਮਨੁੱਖ ਵਿਗਿਆਨ ਦਾ ਗ਼ੁਲਾਮ ਹੈ। ਵਿਗਿਆਨ ਦੀਆਂ ਅਨੋਖੀਆਂ ਤੇ ਅਸਚਰਜ ਕਾਢਾਂ ਨੇ ਮਨੁੱਖ ਨੂੰ ਵਿਕਾਸ ਦੀ ਸਿਖ਼ਰ ਤੇ ਪਹੁੰਚਾਇਆ ਹੈ। ਉੱਥੇ ਉਹ ਕਈ ਵਿਨਾਸ਼ਕਾਰੀ ਤੱਤਾਂ ਨੂੰ ਆਪਣੇ ਅੰਦਰ ਸਮੋਈ ਬੈਠਾ ਹੈ। ਪਰ ਉਤਪਤੀ, ਵਿਕਾਸ ਅਤੇ ਵਿਨਾਸ਼ ਦਾ ਕੁਦਰਤੀ ਨਿਯਮ ਸੰਸਾਰ ਦੇ ਹਰ ਖੇਤਰ ਵਿਚ ਸਦਾ ਵਿਚਰਦਾ ਰਹਿੰਦਾ ਹੈ। ਰੁੱਤਾਂ ਬਦਲਦੀਆਂ ਹਨ, ਦਿਨ ਚੜ੍ਹਦਾ ਹੈ, ਕੁਦਰਤ ਦੇ ਵੀ ਕਲਾਇਡੋਸਕੋਪ ਉੱਤੇ ਹਰ ਛਿਨ ਪਲ ਅਦਲਾ-ਬਦਲੀ ਹੁੰਦੀ ਰਹਿੰਦੀ ਹੈ। ਅਸਮਾਨ ਵਿਚ ਬੱਦਲ ਹਰ ਪਲ ਵੰਨ-ਸੁਵੰਨੇ ਚਿੱਤਰ ਬਣਾਉਂਦੇ ਹਨ। ਬ੍ਰਹਿਮੰਡ ਵਿਚ ਇਹ ਪਰਿਵਰਤਨ ਪੁਰਾਣੀਆਂ ਧਰਤੀਆਂ ਜਾਂ ਤਾਰਿਆਂ ਦੇ ਟੁੱਟਣ-ਭੱਜਣ ਤੇ ਨਵੀਆਂ ਧਰਤੀਆਂ ਦੇ ਹੋਂਦ ਵਿਚ ਆਉਣ ਦੇ ਰੂਪ ਵਿਚ ਚਲਦਾ ਦਿਸਦਾ ਹੈ।

ਮਨੁੱਖ ਦੇ ਆਪਣੇ ਜੀਵਨ ਵਿਚ ਵੀ ਹਰ ਘੜੀ ਤਬਦੀਲੀ ਆਉਂਦੀ ਹੈ। ਜਿੱਥੇ ਸ਼ੈਕਸਪੀਅਰ ਨੇ ਮਨੁੱਖੀ ਜੀਵਨ ਨੂੰ ਸਤ ਪੜਾਵਾਂ ਵਿਚ ਵੰਡਿਆ ਹੈ ਉੱਥੇ ਗੁਰੂ ਨਾਨਕ ਦੇਵ ਜੀ ਅਨੁਸਾਰ ਜੀਵ ਨੂੰ ਆਪਣੇ ਜੀਵਨ ਵਿਚ ਦਸਾਂ ਅਵਸਥਾਵਾਂ ਵਿੱਚੋਂ ਲੰਘਣਾ ਪੈਂਦਾ ਹੈ। ਇਉਂ ਪਰਿਵਰਤਨ ਸਮਾਜ, ਸਾਹਿਤ, ਕੁਦਰਤ ਦੇ ਹਰ ਖੇਤਰ, ਪੜਾਂ ਵਿਚ ਹਰ ਸਮੇਂ ਚਲਦਾ ਰਹਿੰਦਾ ਹੈ। ਪਰ ਇਹ ਵੀ ਸੱਚ ਹੈ ਕਿ ਪਰਿਵਰਤਨ ਦੁਖਦਾਇਕ ਵੀ ਹੁੰਦਾ ਹੈ, ਪ੍ਰਸਿੱਧ ਵਿਚਾਰਵਾਨ "ਕਾਰਲਾਇਲ" ਕਹਿੰਦਾ ਹੈ- 'ਪਰਿਵਰਤਨ ਸੱਚਮੁੱਚ ਹੀ ਦੁਖਦਾਇਕ ਹੁੰਦਾ ਹੈ ਪਰ ਇਸ ਦੀ ਲੋੜ ਸਦਾ ਹੀ ਹੁੰਦੀ ਹੈ।'

ਅਜੋਕੇ ਸਮੇਂ ਦੇ ਹਾਲਾਤ ਨੂੰ ਹੀ ਜੇ ਲਈਏ-'ਕਰੋਨਾ' (Covid-19) ਮੌਤ ਦਾ ਹੀ ਤਾਂ ਰੰਗ ਹੋ ਇਸ ਵਿਗਿਆਨ ਨੂੰ ਵੀ ਡਰਾ ਰਿਹਾ ਹੈ। ਕੁਦਰਤ ਨੇ ਜਿਵੇਂ ਅੱਜ ਆਪ ਆ ਮਨੁੱਖਤਾ ਨੂੰ ਉਸ ਦੀ ਮਨਮਰਜ਼ੀ ਤੇ ਠਲ੍ਹ ਪਾਈ ਹੈ, ਠੀਕ ਹੀ ਹੈ, ਮਨੁੱਖ ਆਪਮੁਹਾਰੇ ਕੁਦਰਤ ਨਾਲ ਖੇਡਦਾ ਰਿਹਾ ਹੈ ਜਿਵੇਂ ਰੱਬ ਹੀ ਬਣ ਬੈਠਾ ਹੋਵੇ। ਮਨੁੱਖੀ ਮਨ ਉੱਤੇ ਸ਼ਾਇਦ ਕੁਦਰਤ ਦੇ ਦ੍ਰਿਸ਼ਾਂ ਦਾ ਪ੍ਰਭਾਵ ਪੈਣਾ ਹੀ ਬੰਦ ਹੋ ਗਿਆ ਹੋਵੇ। ਵਿਗਿਆਨ ਤੇ ਵਿਕਾਸ, ਬਸ ਇਸ ਤੋਂ ਵੱਧ ਹੋਰ ਕੁਝ ਨਹੀਂ ਦਿਸਦਾ ਅੱਜ ਦੇ ਮਨੁੱਖ ਨੂੰ। ਇਕ ਸਮਾਂ ਸੀ ਮਨੁੱਖ ਕੁਦਰਤ ਨੂੰ ਦੇਵੀ ਦਾ ਦਰਜਾ ਦਿੰਦਾ ਰਿਹਾ। ਤਿਉਹਾਰ, ਰੀਤੀ-ਰਿਵਾਜ ਸਭ ਕੁਦਰਤ ਦੇ ਆਲੇ-ਦੁਆਲੇ ਸਿਰਜੇ ਜਾਂਦੇ ਰਹੇ ਪਰ ਅਜੋਕਾ ਮਨੁੱਖ ਪਦਾਰਥਵਾਦੀ ਸੋਚ 'ਚ ਗ੍ਰਸਤ ਹੋਇਆ ਅਸਲ ਕਦਰਾਂ-ਕੀਮਤਾਂ ਭੁੱਲ ਬੈਠਾ ਹੈ।

ਆਦਿ ਕਾਲ ਤੋਂ ਹੀ ਸੰਸਾਰ ਭਰ ਦੇ ਸਾਹਿਤ ਵਿਚ ਕੁਦਰਤ ਨੂੰ ਇਕ ਵਿਸ਼ੇਸ਼ ਥਾਂ ਪ੍ਰਾਪਤ ਰਹੀ ਹੈ। ਪੰਜਾਬੀ ਸਾਹਿਤ ਦਾ ਆਰੰਭ ਨਾਥਾਂ ਜੋਗੀਆਂ ਤੋਂ ਹੁੰਦਾ ਹੈ ਪਰ ਉਹ ਸੁੰਨ-ਸਮਾਧੀ ਲਾ ਰੱਖਦੇ ਸਨ, ਤਾਂ ਹੀ ਉਹਨਾਂ ਬਾਹਰ ਅੱਖਾਂ ਖੋਲ੍ਹ ਕੁਦਰਤ ਦੀ ਸੁੰਦਰਤਾ ਨੂੰ ਅਨੁਭਵ ਹੀ ਨਾ ਕੀਤਾ। ਪ੍ਰਕ੍ਰਿਤੀ ਨੂੰ ਪਿਆਰ ਕਰਨ ਵਾਲੇ ਪਹਿਲੇ ਬਾਣੀਕਾਰ ਗੁਰੂ ਨਾਨਕ ਹੋਏ। ਉਨ੍ਹਾਂ ਦੀ ਦ੍ਰਿਸ਼ਟੀ ਵਿਚ ਸਾਰਾ ਬ੍ਰਹਿਮੰਡ ਹੀ ਕੁਦਰਤ ਹੈ ਅਤੇ ਉਸ ਦੇ ਕਣ-ਕਣ ਵਿਚ ਕਾਦਰ ਦਾ ਵਸੇਬਾ ਹੈ :

**ਬਲਿਹਾਰੀ ਕੁਦਰਤਿ ਵਸਿਆ॥ ਤੇਰਾ ਅੰਤੁ ਨ ਜਾਈ ਲਖਿਆ॥** (੪੬੯)



ਹੋਰਨਾਂ ਗੁਰੂ ਸਾਹਿਬਾਨਾਂ ਤੋਂ ਬਿਨਾਂ ਉਨ੍ਹਾਂ ਦੇ ਸਮਕਾਲੀਆਂ ਤੇ ਉਹਨਾਂ ਪਿੱਛੋਂ ਆਉਣ ਵਾਲੇ ਕਿੱਸਾਕਾਰਾਂ ਨੇ ਕੁਦਰਤ ਨੂੰ ਪਿਛੋਕੜ ਵਿਚ ਹੀ ਰੱਖਿਆ ਤੇ ਇਸ਼ਕ ਕਥਾ ਬਿਰਤਾਂਤ ਤੇ ਵਧੇਰੇ ਕੇਂਦਰਿਤ ਰਹੇ।

ਆਧੁਨਿਕ ਕਾਲ ਵਿਚ ਪ੍ਰਕ੍ਰਿਤੀ ਨੂੰ ਪਿਆਰ ਕਰਨ ਵਾਲੇ ਕਵੀਆਂ ਵਿਚ ਭਾਈ ਵੀਰ ਸਿੰਘ ਦੀ ਕਵਿਤਾ ਵਿਚ ਕੁਦਰਤ ਵਰਨਣ ਬਹੁਤ ਹੈ। ਭਾਈ ਸਾਹਿਬ ਨੇ ਲੱਗਭਗ ਹਰ ਰਚਨਾ ਸਿੱਖ ਪੁਨਰ-ਜਾਗ੍ਰਿਤੀ ਦੀ ਲਹਿਰ ਵਿਚ ਹਿੱਸਾ ਪਾਉਣ ਲਈ ਲਿਖੀ ਤੇ ਵਾਰਤਕ ਸਾਫ਼ ਤੌਰ 'ਤੇ "ਬਾਬਾਣੀਆਂ ਕਹਾਣੀਆਂ" ਦੁਹਰਾਉਂਦੀ ਹੈ। ਭਾਈ ਵੀਰ ਸਿੰਘ ਦਾ ਅਨੁਭਵ ਆਪਣੇ ਆਲੇ-ਦੁਆਲੇ ਤੋਂ ਅਭਿੱਜ ਨਹੀਂ ਹੈ, ਉਨ੍ਹਾਂ ਦਾ ਵਿਸ਼ਾਲ ਦ੍ਰਿਸ਼ਟੀਕੋਣ ਪਰੰਪਰਾ ਤੋਂ ਪੂਰਨ ਰੂਪ ਵਿਚ ਜਾਣੂੰ ਸੀ। ਉਨ੍ਹਾਂ ਨੇ ਕੁਦਰਤ ਵਿਚੋਂ ਹੀ ਦੈਵੀ ਚਮਤਕਾਰ ਵੇਖੇ ਅਤੇ ਉਹਨਾਂ ਦੀ ਉਪਾਸਨਾ ਕਰਦਿਆਂ ਰਚਨਾਵਾਂ ਰਚੀਆਂ। ਭਾਈ ਵੀਰ ਸਿੰਘ ਦੀਆਂ ਰਚਨਾਵਾਂ ਬਾਬਤ ਕਦੇ ਦੋ ਰਾਵਾਂ ਨਹੀਂ ਹੋ ਸਕਦੀਆਂ ਕਿ ਇਸਦਾ ਸਰੋਤ ਅਤੇ ਕੇਂਦਰ ਬਿੰਦੂ ਅਧਿਆਤਮਕ ਸੁਰ ਹੀ ਹੈ। ਭਾਈ ਵੀਰ ਸਿੰਘ ਕੁਦਰਤ ਵਰਨਣ ਕਈ ਨਿਵੇਕਲੀਆਂ ਜੁਗਤਾਂ ਰਾਹੀਂ ਕਰਦੇ ਹਨ ਜਿਵੇਂ ਕੁਦਰਤ ਨੂੰ ਮਾਣਦਿਆਂ ਮਨੁੱਖ ਦੇ ਅੰਦਰ ਪੈਂਦੇ ਪ੍ਰਭਾਵ ਰਾਹੀਂ, ਅਤੇ ਕੁਦਰਤ ਵਿਚ ਕੁਦਰਤ ਦੇ ਸਿਰਜਕ 'ਕਾਦਰ' ਨੂੰ ਵੇਖਣ, ਪਛਾਣਨ ਅਤੇ ਉਸ ਦੀ ਮਹਿਮਾ ਅਥਵਾ ਉਪਾਸਨਾ ਕਰਨ ਰਾਹੀਂ। ਆਪਣੇ ਮਹਾਂਕਾਵਿ **ਰਾਣਾ ਸੂਰਤ ਸਿੰਘ** ਵਿਚ ਭਾਈ ਸਾਹਿਬ ਨੇ ਕੁਦਰਤ ਨੂੰ ਮਨੁੱਖ ਦੇ ਦੁੱਖਾਂ ਵਿਚ

ਭਾਈਵਾਲ ਵਜੋਂ ਪੇਸ਼ ਕੀਤਾ ਹੈ, **ਮਟਕ ਹੁਲਾਰੇ** ਵਿਚ ਕਸ਼ਮੀਰ ਦੇ ਸੁੰਦਰ ਨਜ਼ਾਰਿਆਂ ਦੇ ਦ੍ਰਿਸ਼ ਉਲੀਕੇ ਹਨ। ਅੰਗ੍ਰੇਜ਼ੀ ਕਵੀ 'ਵਰਡਜ਼ਵਰਥ' ਵਾਂਗ ਭਾਈ ਵੀਰ ਸਿੰਘ ਜੀ ਲਈ ਕੁਦਰਤ ਜੀਵਨ ਵਸਤੂ ਹੈ। ਉਨ੍ਹਾਂ ਨੂੰ ਕੁਦਰਤ ਰਾਹ ਵਿਖਾਉਂਦੀ ਹੈ ਤੇ ਉਸ ਵਿਚ ਪ੍ਰਮਾਤਮਾ ਹਰ ਸਮੇਂ ਵਿਆਪਕ ਹੈ ਪਰ ਸਾਡੇ ਵਿਚਾਰ ਵਿਚ ਉਨ੍ਹਾਂ ਤੇ ਇਹ ਪ੍ਰਭਾਵ ਗੁਰੂ ਨਾਨਕ ਦੇਵ ਜੀ ਦਾ ਹੈ।

ਭਾਈ ਸਾਹਿਬ ਨੂੰ ਜੋ ਸੁਹਜ ਤੇ ਸ਼ਾਂਤੀ ਕੁਦਰਤ ਦੀ ਗੋਦ ਵਿਚ ਪ੍ਰਾਪਤ ਹੁੰਦੀ ਹੈ ਉਹ ਹੋਰ ਕਿੱਧਰੇ ਵੀ ਨਹੀਂ ਮਿਲਦੀ। ਉਹ ਤਾਂ ਹੀ ਕੁਦਰਤ ਰਾਹੀਂ ਮਨੁੱਖੀ ਆਤਮਾ ਨੂੰ ਸੰਦੇਸ਼ ਦੇਣ ਦਾ ਯਤਨ ਕਰਦੇ ਹਨ। 'ਵੈਰੀ ਨਾਗ', 'ਗੰਧਕ ਦਾ ਚਸ਼ਮਾ', 'ਨਸੀਮ ਬਾਗ', 'ਇੱਛਾ ਬਲ ਤੇ ਡੂੰਘੀਆਂ ਸ਼ਾਮਾਂ' ਵਿਚ ਕੁਦਰਤ ਮਨੁੱਖ ਨੂੰ ਉਪਦੇਸ਼ ਦੇਂਦੀ ਹੈ-

**ਸੀਨੇ ਖਿੱਚ ਜਿਨ੍ਹਾਂ ਨੇ ਖਾਧੀ ਓ ਕਰ ਅਰਾਮ ਨਹੀਂ ਬਹਿੰਦੇ...।**

ਅਜਿਹਾ ਇਸ ਲਈ ਹੈ ਕਿਉਂਕਿ ਭਾਈ ਸਾਹਿਬ ਇਸ ਦਿਸਦੇ ਸੰਸਾਰ ਵਿਚ ਕੋਈ ਅਣਦਿਸਦੀ ਦੈਵੀ ਸ਼ਕਤੀ ਦੀ ਹੋਂਦ ਨੂੰ ਮੰਨਦੇ ਹਨ। ਉਹ ਕਹਿੰਦੇ ਹਨ ਕਿ ਇਹ ਦਿਸਦਾ ਸੰਸਾਰ ਕੁਦਰਤ ਹੈ ਤੇ ਇਸ ਕੁਦਰਤ ਦਾ ਕਾਦਰ ਸਾਡੀਆਂ ਇਹਨਾਂ ਅੱਖਾਂ ਨੂੰ ਨਜ਼ਰ ਨਹੀਂ ਆਉਂਦਾ। ਉਂਵ ਉਹ ਇਸ ਸੰਸਾਰ ਨੂੰ ਮਾੜਾ ਨਹੀਂ ਕਹਿੰਦੇ ਸਗੋਂ ਇਸ ਸੰਸਾਰ ਦੀ ਖ਼ੂਬਸੂਰਤੀ ਦਾ ਜ਼ਿਕਰ ਕਰਦੇ ਪ੍ਰਮਾਤਮਾ ਨੂੰ ਅਰੂਪ ਤੇ ਇਸ ਸੰਸਾਰ ਨੂੰ ਰੂਪਵਾਨ ਕਹਿੰਦੇ ਹਨ।

**ਉਹੋ ਸੁਹਾਵਾ ਹੱਥ ਹੈ ਸ਼ਾਹ ਮੇਰੇ ਦਾ ਹੱਥ,**
**ਸਾਰੇ ਹੱਥ ਉਸ ਹੱਥ ਦੇ ਹੇਠਾਂ ਰਹਿੰਦੇ ਹੱਥ।**
**ਕਮਲ ਗੋਦ ਅਜ ਖੇਡਦਾ ਰਖਿਆ ਮੈਂ ਉਸ ਹੱਥ,**
**ਕੱਲ ਪਰ ਗੋਦੀ ਓਸਦੀ ਖੇਡਾਂਗਾ ਛਡ ਵਿੱਥ।**
**ਘੱਲੇ ਸਦੇ ਪਾਤਸ਼ਾਹ ਏਥੇ ਉਥੇ ਆਪ,**
**ਅਮਰ ਖੇਡ ਮੈਂ ਉਸ ਦੀ ਖੇਡ ਖਿਡਾਵੇ ਬਾਪ।** (ਲਹਿਰ ਹੁਲਾਰੇ)

ਜਾਹਰ ਹੈ ਭਾਈ ਸਾਹਿਬ ਦਾ ਇਹ ਅਧਿਆਤਮਵਾਦ ਇਸੇ ਯੁੱਗ ਵਿਚ ਪ੍ਰਵਾਨਤ ਹੋਣ ਵਾਲਾ ਫ਼ਲਸਫ਼ਾ ਨਹੀਂ ਹੈ। ਇਹ ਸਦੀ ਪਦਾਰਥਵਾਦ ਅਤੇ ਵਿਗਿਆਨ ਦੀ ਸਦੀ ਹੈ। ਮਨੁੱਖ ਇਸ ਵਿਚ ਕਿਸੇ ਅਣਦਿਸਦੇ "ਕਾਦਰ" ਦੀ ਭਗਤੀ ਨਾ ਕਰਦਾ ਹੋਇਆ ਆਪਣੀ ਹੋਂਦ ਦੀਆਂ ਹੀ ਗੱਲਾਂ ਕਰਦਾ ਹੈ। ਮਨੁੱਖ ਆਪਣੇ ਆਪ ਨੂੰ ਹੀ ਕੇਂਦਰ ਵਿਚ ਰੱਖਦਾ ਹੈ ਭਾਵੇਂ ਸਾਹਿਤ ਹੋਵੇ ਜਾਂ ਉਸ ਦੀ ਸੋਚ। ਇਸ ਸਮੇਂ ਦੀ ਕਵਿਤਾ ਵਿਚ ਜੋ ਵਿਸ਼ੇ ਪੇਸ਼ ਹੁੰਦੇ ਹਨ ਉਹਨਾਂ ਦਾ ਸੰਬੰਧ ਇਸੇ ਸੰਸਾਰ ਨਾਲ ਸੀ। ਜਨਮ ਅਤੇ ਮਰਨ ਦੇ ਵਿਚਕਾਰਲੇ ਜੀਵਨ ਨਾਲ, ਇਸ ਸਮਾਜ ਵਿਚ ਮਨੁੱਖ ਦੇ ਸਮਾਜਿਕ ਅਤੇ ਵਿਅਕਤੀਗਤ ਜੀਵਨ ਨਾਲ।

ਪਦਾਰਥਵਾਦੀ ਜੀਵਨ ਦਰਸ਼ਨ ਕਹਿੰਦਾ ਹੈ ਕਿ ਇਹ ਧਰਤੀ ਅਤੇ ਧਰਤੀ ਉੱਤੇ ਮਨੁੱਖ ਦਾ ਜੀਣਾ ਇਕ ਯਥਾਰਥ ਹੈ, ਮਾਇਆ ਨਹੀਂ। ਜਦਕਿ ਪੁਰਾਣੇ ਆਦਰਸ਼ਵਾਦੀ ਜੀਵਨ ਦਰਸ਼ਨ ਇਹ ਕਹਿੰਦੇ ਸੀ ਕਿ ਇਹ ਜੋ ਦਿਸਦਾ ਹੈ ਇਹ ਅਸਲੀਅਤ ਨਹੀਂ ਹੈ। ਇਸ ਦਿਸਦੇ ਦੇ ਉਹਲੇ ਕੋਈ "ਅਣਦਿਸਦਾ ਸੱਚ" ਹੈ ਜਿਸ ਨੂੰ ਰੱਬ ਪ੍ਰਮਾਤਮਾ ਜਾਂ ਹੋਰ ਨਾਮ ਦਿੱਤੇ ਗਏ। ਭਾਈ ਸਾਹਿਬ ਇਸ ਸਿਧਾਂਤ ਨੂੰ ਮੁੱਖ ਰੱਖ ਕੇ ਲਿਖਦੇ ਹਨ-

**ਹੇ ਅਸਲੀਅਤ ਇਸ ਦਿਸਦੇ ਦੀ! ਸਾਨੂੰ ਪਰੇ ਨ ਸੁੱਟੇਂ ਹਾ,**
**ਧੁਰ ਮਰਕਜ਼ ਆਪਣੇ ਵਿਚ ਕਿਧਰੇ ਠਾਟ ਅਸਾਡਾ ਠੱਟੇਂ ਹਾ!**
**ਵਿੱਥ ਕਿਸੇ ਤੇ ਰੱਖ ਜਿ ਸਾਨੂੰ ਤੂੰ ਖਿੜਨਾਂ ਖ਼ੁਸ਼ ਹੋਣਾ ਸੀ,**
**ਦੀਦੇ ਦੇਖਣਹਾਰੇ ਦੇ ਕੇ ਨਜ਼ਰੋਂ ਪਰੇ ਨਾ ਹੱਟੇਂ ਹਾ।** (ਲਹਿਰਾਂ ਦੇ ਹਾਰ)

ਉਹਨਾਂ ਕੁਦਰਤ ਦੇ ਬਾਹਰੀ ਰੂਪ ਨੂੰ ਬਹੁਤ ਨਹੀਂ ਮਾਣਿਆ ਸਗੋਂ ਉਨ੍ਹਾਂ ਕੁਦਰਤ ਚਿੱਤਰਨ ਨੂੰ ਅਧਿਆਤਮਕ ਰੰਗਣ ਦਿੱਤੀ ਤੇ ਕੁਦਰਤ ਰਾਹੀਂ ਰਹੱਸਵਾਦੀ ਤੇ ਸਦਾਚਾਰਕ ਜਜ਼ਬਿਆਂ ਨੂੰ ਪੇਸ਼ ਕੀਤਾ-

**ਵੈਰੀ ਨਾਗ! ਤੇਰਾ ਪਹਿਲਾ ਝਲਕਾ**
**ਜਦ ਅੱਖੀਆਂ ਵਿਚ ਵਜਦਾ,**
**ਕੁਦਰਤ ਤੇ ਕਾਦਰ ਦਾ ਜਲਵਾ**
**ਲੈ ਲੈਂਦਾ ਇਕ ਸਿਜਦਾ।** (ਲਹਿਰ ਹੁਲਾਰੇ)


ਪਰ ਪਦਾਰਥਵਾਦੀ ਮਨੁੱਖ ਮੱਧਕਾਲੀ ਮਨੁੱਖ ਵਾਂਗ ਨਾ ਨਿਰਬਲ ਹੈ ਤੇ ਨਾ ਹੀ ਅੰਧਵਿਸ਼ਵਾਸੀ। ਉਹ ਤਾਂ ਸਵੈ-ਵਿਸ਼ਵਾਸੀ ਹੈ ਪਰ ਜੀਵਨ ਵਿਚ ਸੰਤੁਸ਼ਟ ਨਹੀਂ। ਸੰਤੁਸ਼ਟਤਾ ਤਾਂ ਅਸਲ ਵਿਚ ਕਦੇ ਆਉਂਦੀ ਹੀ ਨਹੀਂ। ਆਧੁਨਿਕ ਮਨੁੱਖ 'ਸੋਚ' ਅਤੇ 'ਸੰਤੁਸ਼ਟੀ' ਦੀ ਇਸ ਭਾਲ 'ਚ ਹੀ ਜੰਮਦਾ, ਜਿਊਂਦਾ ਤੇ ਮਰ ਜਾਂਦਾ ਹੈ। ਪਰ ਇਸੇ ਜੀਵਨ ਦੌੜ 'ਚ ਉਹ ਅੱਜ ਕਿੱਥੇ ਕੁਦਰਤ ਨੂੰ ਭੁੱਲ ਹੀ ਗਿਆ ਹੈ। ਉਹ ਆਪ ਮੁਹਾਰ ਹੋ ਕੁਦਰਤ ਨੂੰ ਆਪਣੇ ਵੱਸ ਕਰੀ ਤੁਰ ਰਿਹਾ ਸੀ- ਜੰਗਲ ਕਟ, ਨਦੀ ਨੂੰ ਬੰਨ੍ਹ, ਪਹਾੜਾਂ ਨੂੰ ਚੀਰ ਆਪਣੇ ਸੁੱਖ ਵਲ ਵਧੀ। ਅਚਾਨਕ ਕੁਦਰਤ ਨੇ ਕਰਵਟ ਬਦਲੀ, ਕਾਦਰ ਹੋ ਪੇਸ਼ ਹੋਈ ਦੇਵੀ। ਇਕ ਪਲ 'ਚ ਮਨੁੱਖ-ਮਨੁੱਖਤਾ, ਵਿਗਿਆਨ-ਕਾਢਾਂ ਸਭ ਥੰਮ ਗਈਆਂ। 17 ਨਵੰਬਰ, 2019 ਨੂੰ ਚੀਨ 'ਚ ਨਵੀਂ ਬਿਮਾਰੀ ਨੇ ਜਨਮ ਕੀ ਲਿਆ ਉਹ ਅੱਜ ਤਕ ਪੂਰੇ ਵਿਸ਼ਵ ਵਿਚ ਮੌਤ ਦਾ ਨਾਚ ਨਚਦੀ ਚੁੱਪਚਾਪ ਹਵਾ ਹੋ ਤੁਰ ਰਹੀ ਹੈ।

ਕਦੇ ਨਹੀਂ ਸੀ ਸੋਚਿਆ ਮਨੁੱਖ ਨੇ ਕਿ ਕੁਦਰਤ ਅੱਗੇ ਕਦੇ ਵਿਗਿਆਨ ਵੀ ਬੇਬਸ ਹੋ ਹੱਥ ਬੰਨ੍ਹੀ ਖੜ੍ਹਾ ਹੋਵੇਗਾ। ਕਿਉਂਕਿ ਵਿਗਿਆਨ ਕਦ ਹਾਰਨਾ ਸਿੱਖਿਆ। ਪਰ ਕੁਦਰਤ ਕਾਦਰ ਦਾ ਹੀ ਤਾਂ ਰੰਗ ਹੈ। ਭਾਈ ਸਾਹਿਬ ਦੀਆਂ ਰਚਨਾਵਾਂ ਵਿਚ ਕੁਦਰਤ ਦਾ 'ਅਰੂਪ' ਨਾਦ ਕਵੀ ਦੇ 'ਰਸ ਅਲਾਪ' ਵਿਚ ਸਾਫ਼ ਨਜ਼ਰ ਆਉਂਦਾ ਹੈ। ਉਹਨਾਂ ਦਾ ਕੁਦਰਤ ਪ੍ਰਤੀ ਪਿਆਰ ਜਿਵੇਂ ਕਾਦਰ ਨੂੰ ਹੀ ਕੀਤਾ ਸਜਦਾ ਹੈ। ਜਦ ਤੱਕ ਮਨੁੱਖ ਸਾਹਿਤ ਨਾਲ ਜੁੜਿਆ ਸੀ ਉਸ ਵਿਚ ਪਿਆਰ, ਸਤਿਕਾਰ, ਰਹਿਮ, ਦਰਦ ਸਭ ਰੰਗ ਸਨ ਪਰ ਜਿਵੇਂ ਜਿਵੇਂ ਉਹ ਪਦਾਰਥਕ ਸੁੱਖਾਂ ਵਲ ਵਧਦਾ ਗਿਆ ਉਸ ਦੀਆਂ ਜਰੂਰਤਾਂ ਵੀ ਵਧਦੀਆਂ ਗਈਆਂ। ਅੱਜ ਉਹ ਪੂਰਾ ਮਸ਼ੀਨ ਹੀ ਬਣ ਗਿਆ ਹੈ।

ਕੇਂਦਰ ਤੋਂ ਵਿਕੇਂਦਰ ਹੁੰਦਾ ਹੁੰਦਾ, ਵਰਤੋਂ ਤੋਂ ਲਾਭ ਵਲ ਤੁਰਦਾ ਪਤਾ ਨਹੀਂ ਕਦ ਵਿਨਾਸ਼ ਨੂੰ ਹੋ ਤੁਰਿਆ। ਉਸ ਹਰ ਖੇਤਰ ਦਾ ਉਦਯੋਗੀਕਰਨ ਕਰ ਦਿੱਤਾ। ਇਸ ਤੋਂ ਸਾਹਿਤ ਵੀ ਨਹੀਂ ਛੁਟਿਆ। ਹੱਥਲਾ ਸਾਹਿਤ ਬਸ ਸਮਾਜ ਵਾਂਗ ਹੀ ਰੁੱਖਾ ਪਦਾਰਥਵਾਦੀ ਹੋ ਤੁਰਿਆ, ਨਾਕਾਮੀਆਂ ਨੂੰ ਮੁੱਖ ਰੱਖ ਲਿਖਿਆ ਜਾ ਰਿਹਾ ਹੈ। ਆਕਾਰ ਵੱਲੋਂ ਵੀ ਤੇ ਕਿੱਥੇ ਮੁਕਾਮ ਵਜੋਂ ਵੀ ਘਟਦਾ ਜਾ ਰਿਹਾ ਹੈ। ਜੇ ਕਿਤੇ ਅਸੀਂ ਮੁੜ ਭਾਈ ਸਾਹਿਬ ਦੀਆਂ ਰਚਨਾਵਾਂ ਨੂੰ ਨੀਝ ਨਾਲ ਪੜ੍ਹੀਏ, ਸਮਝੀਏ ਤੇ ਅਪਣਾਈਏ ਤਾਂ ਅਸਲੋਂ ਕੁਦਰਤ ਦੇ ਨੇੜੇ ਹੋ ਸਕਾਂਗੇ। ਭਾਈ ਸਾਹਿਬ ਦੁਆਰਾ ਕੀਤੇ ਕੁਦਰਤ ਦੇ ਮਾਨਵੀਕਰਨ ਨੂੰ ਜੇਕਰ ਨੇੜਿਓਂ ਸਮਝੀਏ ਤਾਂ ਸੁਪਨਮਈ ਅਣਦਿਸਦੇ ਚਿੱਤਰ ਸਾਕਾਰ ਹੋਏ ਨਜ਼ਰੀਂ ਪੈਂਦੇ ਹਨ। ਇਹ ਸਾਰਾ ਕੁਝ ਭਾਈ ਸਾਹਿਬ ਦੀ ਆਪਣੀ ਨਿਜੀ ਪ੍ਰਵਿਰਤੀ ਦਾ ਸਿੱਟਾ ਹੈ ਅਤੇ ਉਨ੍ਹਾਂ ਦੇ ਮੌਲਿਕ ਅਨੁਭਵ ਦਾ ਪ੍ਰਗਟਾਅ ਹੈ। ਇਸਨੂੰ ਜੇਕਰ ਜੀਵਨ ਜਾਚ ਵਜੋਂ ਲੈ ਤੁਰੀਏ ਤਾਂ ਕੁਦਰਤ ਸਾਨੂੰ ਆਪਣੇ ਕਲਾਵੇ ਵਿਚ ਲੈ ਤੁਰੇਗੀ ਜਿੱਥੇ ਕੁਦਰਤ ਦੇਵੀ ਆਪ ਵਸਦੀ-ਨਚਦੀ ਤੁਰਦੀ ਹੈ।

✧ ✧ ✧ ✧ ✧

ਸੁਹਣਾ ਦਰਬਾਰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਸਜ ਰਿਹਾ ਹੈ। ਰਾਗੀ ਸਿੰਘ ਆਸਾ ਦੀ ਵਾਰ ਦਾ ਕੀਰਤਨ ਕਰ ਰਹੇ ਹਨ, ਝਿੰਮ ਝਿੰਮ ਅੰਮ੍ਰਿਤ ਵਰਸ ਰਿਹਾ ਹੈ, ਅੰਮ੍ਰਿਤ ਵੇਲੇ ਦਾ ਸੁਆਂ ਨਾਲ ਮਿਲ ਰਿਹਾ ਹੈ। ਸੰਗਤ ਮੂਰਤਾਂ ਵਾਂਙੂ ਅਡੋਲ ਬੈਠੀ ਹੈ ਮਾਨੋ ਸ਼ਬਦ ਵਿਚ ਨਿਮਗਨ ਹੋ ਰਹੀ ਹੈ। ਜੇ ਕੋਈ ਹੋਰ ਸਿਖ ਸਮੇਂ ਤੋਂ ਪਛੜਿਆ ਆ ਅੱਪੜਦਾ ਹੈ ਤਾਂ ਹੌਲੇ ਕਦਮੀ ਮਲਕੜੇ ਜਿਹੇ ਪਿੱਛੇ ਵਾਰ ਬੈਠ ਜਾਂਦਾ ਹੈ ਤੇ ਸੁਰਤ 'ਹੋ ਰਹੇ-ਸ਼ਬਦ' ਦੇ ਕੀਰਤਨ ਵਿਚ ਜੋੜ ਲੈਂਦਾ ਹੈ, ਐਉਂ ਦੀਵਾਨ ਦੀ ਅਡੋਲਤਾ ਸਰਦ ਰਿਤੂ ਦੀ ਰਾਤ ਵਾਂਙੂ ਸ਼ਾਂਤੀ ਨਾਲ ਭਰਪੂਰ ਜਿਉਂ ਕੀ ਤਿਉਂ ਬਣੀ ਹੋਈ ਹੈ, ਅੰਤ ਰਾਗੀ ਸਿੰਘ ਅੰਤਲੀ ਪਉੜੀ "ਵਡੇ ਕੀਆ ਵਡਿਆਈਆ ਕਿਛੁ ਕਹਣਾ ਕਹਣੁ ਨਾ ਜਾਇ" ਤੇ ਅੱਪੜ ਪਏ ਤੇ ਆਸਾ ਦੀ ਵਾਰ ਦਾ ਭੋਗ ਪੈ ਗਿਆ। ਗੁਰੂ ਕੀ ਤਾਬਿਆ ਸੰਤ ਬਿਮਲਾ ਸਿੰਘ ਜੀ ਬੈਠੇ ਸਨ। ਸੰਗਤਿ ਨੇ ਆਪ ਜੀ ਨੂੰ ਐਤਕਾਂ ਬੜੀ ਦੂਰੋਂ, 'ਪਾਂਗੀ' ਪਹਾੜ ਤੋਂ, ਸ੍ਰੀ ਗੁਰੂ ਨਾਨਕ ਦੇਵ ਜੀ ਦੇ ਇਸ ਅਵਤਾਰ ਗੁਰਪੁਰਬ ਤੇ 'ਹਮਾਰੀ ਪਿਆਰੀ ਅੰਮ੍ਰਿਤਧਾਰੀ' ਕਥਾ ਸ੍ਰਵਣ ਕਰਨ ਵਾਸਤੇ ਖਾਸ ਆਦਮੀ ਘੱਲਕੇ ਸਦਵਾਇਆ ਸੀ। ਆਪ ਜੀ ਨੂੰ ਹੁਣ ਆਵਾਜ਼ ਲੈਣ ਤੇ ਆਵਾਜ਼ ਵਿਚ ਆਏ ਸ਼ਬਦ ਦੀ ਕਥਾ ਕਰਨੇ ਦੀ ਸਾਧ ਸੰਗਤ ਜੀ ਵਲੋਂ ਆਗਿਆ ਹੋਈ। 'ਧੰਨ ਗੁਰੂ ਨਾਨਕ' ਆਖ ਕੇ ਹੁਕਮ ਲੈਣ ਤੋਂ ਪਹਿਲੇ ਆਪ ਨੇ ਦੋ ਚਾਰ ਸਲੋਕ ਪੜ੍ਹੇ:-




**ਸੁ ਕਹੁ ਟਲ ਗੁਰੁ ਸੇਵੀਐ ਅਹਿਨਿਸਿ ਸਹਜਿ ਸੁਭਾਇ॥**
**ਦਰਸਨਿ ਪਰਸਿਐ ਗੁਰੂ ਕੈ ਜਨਮ ਮਰਣ ਦੁਖੁ ਜਾਇ॥** (੧੩੯੨)

(ਸਵ: ਮ: 2-10)

... ... ... ...

**ਹੋਵੈ ਸਿਫਤਿ ਖਸੰਮ ਦੀ ਨੂਰੁ ਅਰਸਹੁ ਕੁਰਸਹੁ ਝਟੀਐ॥**
**ਤੁਧੁ ਡਿਠੇ ਸਚੇ ਪਾਤਿਸਾਹ ਮਲੁ ਜਨਮ ਜਨਮ ਦੀ ਕਟੀਐ॥** (੯੬੭)

(ਰਾਮ: ਵਾਰ-ਬਲਵੰਡ-2)

ਇਸ ਤਰ੍ਹਾਂ ਦੇ ਗੁਰਬਾਣੀ ਦੇ ਵਾਕ ਪੜ੍ਹਦਿਆਂ ਆਪ ਨੇ ਰੁਮਾਲ ਚਾਇਆ, ਸੀਸ ਨਿਵਾਇਆ ਤੇ ਅਵਾਜ਼ਾ ਲਿਆ :-

**ਬਿਲਾਵਲ ਮਹਲਾ ੫॥**

**ਪਿੰਗੁਲ ਪਰਬਤ ਪਾਰਿ ਪਰੇ ਖਲ ਚਤੁਰ ਬਕੀਤਾ॥ ਅੰਧੁਲੇ ਤ੍ਰਿਭਵਣ ਸੂਝਿਆ ਗੁਰ ਭੇਟਿ ਪੁਨੀਤਾ॥੧॥ ਮਹਿਮਾ ਸਾਧੂ ਸੰਗ ਕੀ ਸੁਨਹੁ ਮੇਰੇ ਮੀਤਾ॥ ਮੈਲੁ ਖੋਈ ਕੋਟਿ ਅਘ ਹਰੇ ਨਿਰਮਲ ਭਏ ਚੀਤਾ॥੧॥ਰਹਾਉ॥ ਐਸੀ ਭਗਤਿ ਗੋਵਿੰਦ ਕੀ ਕੀਟਿ ਹਸਤੀ ਜੀਤਾ॥ ਜੋ ਜੋ ਕੀਨੋ ਆਪਨੋ ਤਿਸੁ ਅਭੈ ਦਾਨੁ ਦੀਤਾ॥੨॥ ਸਿੰਘੁ ਬਿਲਾਈ ਹੋਇ ਗਇਓ ਤ੍ਰਿਣੁ ਮੇਰੁ ਦਿਖੀਤਾ॥ ਸ੍ਰਮੁ ਕਰਤੇ ਦਮ ਆਢ ਕਉ ਤੇ ਗਨੀ ਧਨੀਤਾ॥੩॥ ਕਵਨ ਵਡਾਈ ਕਹਿ ਸਕਉ ਬੇਅੰਤ ਗੁਨੀਤਾ॥ ਕਰਿ ਕਿਰਪਾ ਮੋਹਿ ਨਾਮੁ ਦੇਹੁ ਨਾਨਕ ਦਰ ਸਰੀਤਾ॥੪॥੭॥੩੭॥** (ਅੰਗ ੮੦੯)

(ਲੜੀ ਜੋੜਨ ਲਈ ਪਿਛਲਾ ਅੰਕ ਵੇਖੋ)

# ਭਾਈ ਸੋਮਾ (ਸਾਧੂ ਸੰਗ)

ਅਵਾਜ਼ਾ ਡਾਢੀ ਮਧੁਰ ਧੁਨਿ ਨਾਲ ਲਿਆ, ਅੱਖਰ ਸਪਸ਼ਟ ਤੇ ਸ਼ੁੱਧ ਵਾਚੇ, ਸੰਗਤਿ ਤੇ ਸੁਹਣਾ ਪ੍ਰਭਾਵ ਪਿਆ। ਪਾਠ ਕਰਕੇ ਆਪ ਜੀ ਨੇ ਕਥਾ ਆਰੰਭ ਕੀਤੀ :-

ਗੁਰੂ ਕੀ ਪਿਆਰੀ ਸਾਧ ਸੰਗਤਿ ਜੀ ! ਗੁਰਬਾਣੀ ਦਾ ਟੀਕਾ ਸਾਧ ਸੰਗਤਿ ਦੀ ਰਸਨਾ ਤੇ ਹੈ। ਫੇਰ ਬੀ ਸਾਧ ਸੰਗਤਿ ਦੀ ਆਗਿਆ ਪਾ ਕੇ ਇਹ ਸਾਧ ਸੰਗਤਿ ਵਿਚ ਗੁਰੂ ਕਾ ਘੱਲਿਆ ਸਰੀਰ ਗੁਰ ਆਸ਼ਯ ਨੂੰ ਗੁਰੂ ਕੀ ਓਟ ਤੇ ਆਸਰਾ ਲੈ ਕੇ ਵਰਣਨ ਕਰਨ ਦਾ ਜਤਨ ਕਰਦਾ ਹੈ।

ਗੁਰੂ ਕੇ ਪਿਆਰਿਓ ! ਰਹਾਉ ਦੀ ਤੁਕ ਵਿਚ ਸਾਰੇ ਸ਼ਬਦ ਦਾ ਸਥਾਈ ਭਾਵ ਹੁੰਦਾ ਹੈ। ਗਾਇਨ ਵਿਚ ਰਹਾਉ ਦੀ ਤੁਕ ਬਾਰ ਬਾਰ ਗਾਂਵੀਂ ਤੇ ਦੁਹਰਾਈ ਜਾਂਦੀ ਹੈ, ਤੇ ਅਰਥ ਭਾਵ ਵਿਚ ਮੁੱਖ ਮਨਤਵ ਸਾਰੇ ਸ਼ਬਦ ਦਾ ਰਹਾਉ ਵਿਚ ਹੀ ਦਿੱਤਾ ਹੁੰਦਾ ਹੈ, ਜਿਸਦੀ ਸਮਝ ਕਰ ਲੈਣੇ ਤੇ ਫਿਰ ਸਾਰੇ ਸ਼ਬਦ ਦੇ ਆਸ਼ੇ ਦੀ ਦ੍ਰਿੜ੍ਹਤਾ ਹੋ ਜਾਂਦੀ ਹੈ, ਸੋ ਅਰਥ ਰਹਾਉ ਤੋਂ ਚੁੱਕੀਏ।

ਅੱਜ ਜੀਓ ਜੀ, ਗੁਰਪੁਰਬ ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਹੈ। ਹਾਂ, ਉਹ ਭਾਗੇ ਭਰਿਆ ਦਿਹਾੜਾ ਹੈ ਜਿਸ ਦਿਨ ਸ੍ਰਿਸ਼ਟੀ ਨੂੰ ਇਕ ਨਵੀਂ ਸਿਖਿਆ ਸਿਖਾਉਣ ਵਾਲਾ ਨੂਰੀ ਗੁਰੂ ਆਇਆ। ਜਿਸਨੇ ਗ੍ਰਿਹਸਤ ਵਰਗੇ ਜਕੜਬੰਦ ਵਾਲੇ ਮਾਰਗ ਵਿਚ ਕਲਜਾਨ ਦਾ ਚਾਨਣ ਪਾ ਦਿੱਤਾ। ਜਿਸਨੇ ਕੁਸੰਗ ਤੋਂ ਬਚਾਉਣ ਲਈ 'ਸੰਗ ਦਾ ਤਜਾਗ' ਨਾ ਸਿਖਾਇਆ ਪਰ 'ਸਤਿਸੰਗ' ਪੈਦਾ ਕਰਕੇ ਉਸ ਵਿਚ ਲਾ ਕੇ ਜੀਵਾਂ ਨੂੰ ਕੁਸੰਗ ਤੋਂ ਬਚਾ ਦਿੱਤਾ। ਜਿਸਨੇ ਰੇਤ ਥਲੇ ਵਿਚ ਮਿੱਠੇ ਚਸ਼ਮੇ ਤੇ ਖਜੂਰੀ ਝੰਗੀਆਂ ਦਾ ਬਾਗ਼ ਲਾ ਦਿਤਾ। ਜਿਸਨੇ ਬਨਾਂ ਦੇ ਰੁਸੇਵੇਂ, ਤੀਰਥ ਘੁੰਮਣ ਦੇ ਥਕੇਵੇਂ ਦੂਰ ਕੀਤੇ ਤੇ ਗ੍ਰਿਹਸਤ ਉਦਾਸ ਮਾਰਗ ਟੋਰਿਆ। ਜੈਸਾ ਕਿ ਵਾਕ ਹੈ:-

**ਵਿਚੇ ਗ੍ਰਿਹ ਸਦਾ ਰਹੈ ਉਦਾਸੀ ਜਿਉ ਕਮਲੁ ਰਹੈ ਵਿਚਿ ਪਾਣੀ ਹੇ॥**

(੧੦੭੦)

ਹਾਂ ਜੀ ਅੱਜ ਉਸ ਉਦੈ-ਸੂਰਜ ਗੁਰੂ ਦਾ ਅਵਤਾਰ ਦਿਨ ਹੈ ਜਿਸਨੇ ਜਗਤ ਦਾ ਅੰਧਕਾਰ ਦੂਰ ਕੀਤਾ ਤੇ ਸਿਧਾ ਮਾਰਗ ਵਾਹਿਗੁਰੂ ਪ੍ਰਾਪਤੀ ਦਾ ਰੌਸ਼ਨ ਕੀਤਾ। ਹਾਂ ਅੱਜ:-

**ਸਤਿਗੁਰ ਨਾਨਕ ਪ੍ਰਗਟਿਆ ਮਿਟੀ ਧੁੰਧੁ ਜਗਿ ਚਾਨਣੁ ਹੋਆ॥**
**ਜਿਉ ਕਰਿ ਸੂਰਜੁ ਨਿਕਲਿਆ ਤਾਰੇ ਛਪਿ ਅੰਧੇਰੁ ਪਲੋਆ॥**
**ਸਿੰਘ ਬੁਕੇ ਮਿਰਗਾਵਲੀ ਭੰਨੀ ਜਾਇ ਨ ਧੀਰਿ ਧਰੋਆ॥**
**ਜਿਥੈ ਬਾਬਾ ਪੈਰ ਧਰਿ ਪੂਜਾ ਆਸਣੁ ਥਾਪਣਿ ਸੋਆ॥**
**ਸਿਧ ਆਸਣਿ ਸਭਿ ਜਗਤ ਦੇ ਨਾਨਕ ਆਦਿ ਮਤੇ ਜੇ ਕੋਆ॥**
**ਘਰਿ ਘਰਿ ਅੰਦਰਿ ਧਰਮਸਾਲ ਹੋਵੈ ਕੀਰਤਨੁ ਸਦਾ ਵਿਸੋਆ॥**
**ਬਾਬੇ ਤਾਰੇ ਚਾਰਿ ਚਕਿ ਨਉਖੰਡਿ ਪ੍ਰਿਥਮੀ ਸਚਾ ਢੋਆ॥**
**ਗੁਰਮੁਖਿ ਕਲਿ ਵਿਚਿ ਪਰਗਟੁ ਹੋਆ॥੨੭॥**

(ਭਾ: ਗੁਰਦਾਸ-ਵਾਰ 1/27)

ਅਜ ਅਵਤਾਰ ਦਿਨ ਤਾਂ ਗੁਰੂ ਨਾਨਕ ਦੇਵ ਜੀ ਆਦਿ ਪਾਤਸ਼ਾਹੀ ਦਾ ਹੈ ਪਰ ਵਾਕ ਵਿਚ ਸਬਦ ਪੰਜਵੀਂ ਪਾਤਸ਼ਾਹੀ ਜੀ ਦਾ ਆਇਆ ਹੈ। ਇਹ ਸ਼ਬਦ ਉਹ ਗਲ ਵਿਸ਼ੇਸ਼ ਕਰਕੇ ਦੱਸਦਾ ਹੈ ਜੋ ਗੁਰੂ ਨਾਨਕ ਦੇਵ ਜੀ ਨੇ ਜਗਤ ਨੂੰ ਬਖਸ਼ੀ! ਉਸਦਾ ਨਾਮ ਹੈ ਸਤਿਸੰਗ। ਮੈਂ ਦਸਿਆ ਹੈ ਕਿ ਅੱਗੇ ਜਗਤ ਰੂਪੀ ਨਰਕ ਤੋਂ ਬਚਣੇ ਦਾ ਉਪਰਾਲਾ ਸੀ ਘਰ ਬਾਰ ਛੱਡਕੇ ਬਨਾਂ ਵਿਚ ਜਾ ਕੇ ਤਪ ਕਰਨੇ, ਮਾਨੁਖ ਨੇ ਮਾਨੁਖਾਂ ਦਾ ਸੰਗ ਤਿਆਗ ਕੇ ਅਸੰਗ ਹੋ ਜਾਣਾ। ਗੁਰੂ ਬਾਬੇ ਨੇ ਕਿਹਾ ਕਿ ਕੁਸੰਗ ਤੋਂ ਬਚਣੇ ਲਈ ਮਨੁਖ ਮਾਤ੍ਰ ਤੋਂ ਅਸੰਗ ਹੋਣਾ ਜ਼ਰੂਰੀ ਨਹੀਂ, ਸੋ ਜਗਤ ਤੋਂ, ਪਜਾਰੇ ਸਨਬੰਧੀਆਂ ਤੋਂ, ਹਿਤ ਵਾਲੇ ਮਿਤ੍ਰਾਂ ਤੋਂ ਅਸੰਗ ਹੋ ਕੇ ਬਨਾਂ ਪਰਬਤਾ ਵਿਚ ਨਾਂ ਜਾ ਵਸੋ, ਸੰਗ ਵਿਚ ਰਹੋ ਪਰ ਤਜਾਗ ਕੁਸੰਗ ਦਾ ਕਰੋ ਤੇ ਸਤਿਸੰਗ ਦੀ ਓਟ ਲਓ। ਇਸ ਸਤਿਸੰਗ ਦੇ ਆਸਰੇ ਹੋ ਕੇ ਸੰਗ ਵਿਚ ਵਸੋ, ਬਨਾਂ ਵਿਚ ਅਸੰਗਤਾ ਨਾ ਢੂੰਡੋ। ਅੱਜ ਜੋ ਵਾਕ ਮਹਾਰਾਜ ਜੀ ਨੇ ਬਖਸ਼ਿਆ ਹੈ, ਪੰਜਵੇਂ ਪਾਤਸ਼ਾਹ ਨੇ, ਓਸੇ ਸਤਿਸੰਗ ਦੀ ਮਹਿਮਾ ਦਾ ਬਖਸ਼ਿਆ ਹੈ ਜੋ ਗੁਰੂ ਜੀ ਇਸੇ ਕੁਸੰਗ ਕੁੱਠੀ ਧਰਤੀ ਵਿਚ ਸਤਿਸੰਗ ਦਾ ਹਰਯਾਵਲ ਬ੍ਰਿਛ ਲਹਿਲਹਾ ਗਏ ਹਨ। ਮਹਾਰਾਜ ਫੁਰਮਾਉਂਦੇ ਹਨ ਰਹਾਉ ਦੀ ਤੁਕ ਵਿਚ-ਹੇ ਮੇਰੇ ਮਿਤ੍ਰੋ, ਮੇਰੇ ਸਿੱਖੋ, ਸਖਾਓ, ਭਾਈਓ, ਬੰਧਪੋ, ਪਿਆਰਿਓ ! ਅਜ ਮੈਥੋਂ ਸਾਧੂ ਦੇ ਸੰਗ ਦੀ ਮਹਿਮਾ ਸੁਣੋ। ਇਸ ਸੰਗ ਨਾਲ ਮਨ ਦੀ ਮੈਲ ਉਤਰਦੀ ਹੈ, ਪਾਪ ਦੂਰ ਹੋ ਜਾਂਦੇ ਹਨ ਤੇ ਚਿਤ ਮੰਡਲ ਸਾਰਾ ਹੀ ਨਿਰਮਲ ਹੋ ਜਾਂਦਾ ਹੈ। ਕੁਛ ਐਸ ਤਰ੍ਹਾਂ ਨਾਲ ਕਿ ਸਾਧੂ ਦਾ ਸੰਗ ਪਾਪ ਕਰਮਾਂ ਤੋਂ ਛੁਡਾ ਦੇਂਦਾ ਹੈ। ਐਉਂ ਨਵੀਂ ਮੈਲ ਮਨ ਤੇ ਪੈਣੀ ਰੁਕ ਜਾਂਦੀ ਹੈ, ਸਾਧੂ ਦਾ ਸੰਗ ਪਰਮੇਸ਼ਰ ਜੀ ਦੀ ਸਿਫਤ ਸਲਾਹ ਵਿਚ ਲਾ ਦੇਂਦਾ ਹੈ, ਇਸ ਤਰ੍ਹਾਂ ਮਨ ਦੀ ਅੰਦਰਲੀ ਮੈਲ ਹਰੀ ਜਾਣੀ ਸ਼ੁਰੂ ਹੋ ਜਾਂਦੀ ਹੈ। ਜੈਸਾ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਵਾਕ ਹੈ- 'ਗੁਨ ਗਾਵਤ ਤੇਰੀ ਉਤਰਸਿ ਮੈਲੁ॥' ਫੇਰ ਸਾਧੂ ਦੇ ਸੰਗ ਵਿਚ ਨਾਮ ਵਿਚ ਪ੍ਰੀਤ ਪੈਂਦੀ ਤੇ ਵਧਦੀ ਹੈ, ਇਸ ਨਾਲ ਮਨ ਦਾ ਖਿੰਡਾਉ ਦੂਰ ਹੁੰਦਾ ਹੈ, ਏਕਾਗ੍ਰਤਾ ਵਧਦੀ ਹੈ, ਜਿਸ ਨਾਲ ਕਿ ਜਨਮ ਜਨਮ ਦੇ ਪਾਪ ਨਵਿਰਤ ਹੁੰਦੇ ਹਨ। ਪਾਪ ਐਉਂ ਨਵਿਰਤ ਹੁੰਦੇ ਹਨ ਕਿ ਨਾਮ ਅਭਿਆਸ ਨਾਲ ਮਨ ਵਾਹਿਗੁਰੂ ਜੀ ਵੱਲ ਰੁਖ ਕਰਦਾ ਹੈ, ਉਨ੍ਹਾਂ ਦੇ ਪਿਆਰ ਦੇ ਸੰਸਕਾਰ ਅੰਦਰ ਡੂੰਘੇ ਮਨ ਵਿਚ ਲਹਿ ਜਾਂਦੇ ਹਨ, ਜਿੱਥੇ ਕਿ ਕੀਤੇ ਹੋਏ ਪਾਪਾਂ ਦੇ ਸੰਸਕਾਰ ਪਏ ਹੋਏ ਹੁੰਦੇ ਹਨ।

ਸਾਧ ਸੰਗਤ ਜੀ ! ਹੁਣ ਪੱਛਮੀ ਵਿਗਿਆਨਕਾਂ ਨੂੰ ਬੀ ਸਮਝ ਆ ਗਈ ਹੈ ਕਿ ਮਨੁੱਖ ਦਾ ਮਨ ਜੋ ਸੋਚਦਾ, ਵਿਚਾਰਦਾ, ਕੰਮ ਕਰਦਾ ਹੈ ਇਹ 'ਸਗਜਾਤ ਮਨ' ਹੈ, ਇਸ ਦੇ ਹੇਠਾਂ ਇਕ 'ਅਰਧ-ਸਗਜਾਤ ਮਨ' ਹੈ। ਇਹ ਉਹ ਹੈ ਜਿੱਥੇ ਸਾਡੇ ਵੱਡਿਆਂ ਨੇ ਦੱਸਿਆ ਸੀ ਕਿ ਕੀਤੇ ਕਰਮਾਂ ਦੇ ਸੰਸਕਾਰ ਕੱਠੇ ਹੋਏ ਪਏ ਰਹਿੰਦੇ ਹਨ। ਜੋ ਕਰਮ ਕਰੀਦੇ ਹਨ, ਜੋ ਸੋਚੀਦਾ ਤੇ ਬੋਲੀਦਾ ਹੈ, ਸਭ ਦੇ ਚਿੰਨ੍ਹ ਅੰਦਰ ਲਹਿ ਜਾਂਦੇ ਹਨ, ਡੂੰਘੇ ਥਾਂ ਮਨ ਵਿਚ ਵਸ ਜਾਂਦੇ ਹਨ ਤੇ ਪਾਪਾਂ ਦੇ ਸੰਸਕਾਰ ਓਥੋਂ ਦਗਧ ਹੋ ਜਾਂਦੇ ਹਨ, ਐਉਂ ਜਦ ਓਥੇ ਪਾਪਾਂ ਦੇ ਸੰਸਕਾਰ ਦੂਰ ਹੋ ਕੇ ਨਾਮ ਦੇ ਸੰਸਕਾਰ ਭਰ ਜਾਂਦੇ ਹਨ ਤਾਂ ਸਾਰਾ 'ਚਿੱਤ' ਨਿਰਮਲ ਹੋ ਗਿਆ ਕਹੀਦਾ ਹੈ। ਇਸੇ ਕਰਕੇ ਦਾਤਾ ਜੀ ਨੇ ਇਸ ਤੁਕ ਵਿਚ ਸ਼੍ਰੇਣੀਬੱਧ ਗੱਲ ਦੱਸੀ ਹੈ ਕਿ ਨਾਮ ਨਾਲ ਪਹਿਲਾਂ ਸਗਜਾਤ ਮਨ ਦੀ ਮੈਲ ਉਤਰਨੀ ਆਰੰਭ ਹੋਵੇਗੀ ਫੇਰ ਅੰਦਰੋਂ ਪਾਪਾਂ ਦੇ ਸੰਸਕਾਰ ਧੋਤੇ ਜਾਣਗੇ, ਫੇਰ ਚਿਤ ਕਹੋ, ਅੰਤਹਕਰਣ ਕਹੋ ਯਾ ਗਿਆਨੀਆਂ ਦੀ ਬੋਲੀ ਵਿਚ ਚਤੁਸ਼ਟਹ ਅੰਤਹਕਰਣ ਆਖੋ; ਸਾਰਾ ਅੰਦਰਲਾ ਚਿਤ ਮੰਡਲ ਨਿਰਮਲ ਹੋ ਜਾਏਗਾ। ਜਦੋਂ ਅੰਤਹਕਰਣ ਨਿਰਮਲ ਹੋ ਜਾਏਗਾ ਤਾਂ ਉਹੋ ਨਾਮ, ਜੋ ਸਾਧੂ ਦੇ ਸੰਗ ਵਿਚ ਮੱਚ ਖੜੋਤਾ ਸੀ, ਨਾਮੀ ਵਿਚ ਲੈ ਜਾਏਗਾ। ਫਿਰ ਤਾਂ ਸਾਰਾ ਅਗਜਾਨ ਦੂਰ ਹੋ ਜਾਏਗਾ, ਐਉਂ ਭਾਸੇਗਾ ਜਿਸ ਤਰ੍ਹਾਂ ਅੰਨ੍ਹੇ ਨੂੰ ਨੈਣ ਮਿਲ ਗਏ ਹਨ। ਆਮ ਹਾਲਤਾਂ ਵਿਚ ਤਾਂ ਜੀਵ ਦੀ ਬੁੱਧੀ ਨੂੰ ਅਨੇਕਾਂ ਸ਼ੱਕ ਸ਼ੁਭੇ ਸੰਸੇ ਵਿਪਰਯੈ ਅਨੇਕ ਤਰ੍ਹਾਂ ਦੇ ਹਨੇਰੇ ਹਨ। ਕਾਮ ਕ੍ਰੋਧ ਲੋਭ ਮੋਹ ਦੇ ਭੁਲੇਵੇ ਮਨ ਨੂੰ ਛਾਦ ਰਹੇ ਹਨ। ਫੇਰ ਨਾ ਕੇਵਲ ਅੰਦਰ ਚਾਨਣ ਹੋ ਵਰਤੇਗਾ ਸਗੋਂ ਤਿੰਨਾਂ ਭਵਨਾ ਦੀ ਸੋਝੀ ਹੋ ਜਾਏਗੀ। ਗੁਰਬਾਣੀ ਆਖਦੀ ਹੈ:-

**ਅੰਧੇ ਏਹਿ ਨ ਆਖੀਅਨਿ ਜਿਨ ਮੁਖਿ ਲੋਇਣ ਨਾਹਿ॥**
**ਅੰਧੇ ਸੇਈ ਨਾਨਕਾ ਖਸਮਹੁ ਘੁਥੇ ਜਾਹਿ॥**

(ਰਾਮ: ਵਾਰ-16, ਅੰਗ ੯੫੪)

ਸੋ ਐਸੇ ਅੰਨ੍ਹੇ ਅਨੇਕਾਂ ਸਤਿਸੰਗ ਨੇ ਨਾਮ ਨਾਲ ਨਿਰਮਲ ਕਰ ਦਿੱਤੇ ਜੋ ਨਾਮੀ ਨੂੰ ਜਾ ਮਿਲੇ। ਦੇਖੋ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਅਤਿ ਕੰਗਾਲ ਲਾਲੋ ਦੇ ਨੈਣ ਖੋਲ੍ਹ ਕੇ ਉਸ ਨੂੰ ਸਾਂਈਂ ਨਾਲ ਮੇਲ ਦਿੱਤਾ ਤੇ ਉਹ ਸਤਿਸੰਗ ਦਾ ਟਿਕਾਣਾ ਬਣ ਗਿਆ। ਇਸੇ ਤਰ੍ਹਾਂ ਰਾਜਾ ਰਾਇ ਬੁਲਾਰ ਨੂੰ ਸਾਂਈਂ ਦੀ ਸੋਝੀ ਬਖਸ਼ੀ। ਹਾਂ ਸਾਧ ਸੰਗਤ ਜੀ ! ਗੁਰੂ ਨਾਨਕ ਦੇਵ ਜੀ ਨੇ ਇਕ ਮਨਸੁਖ ਨਾਮੇ ਵਪਾਰੀ ਦੇ ਨੈਣ ਖੋਲੇ, ਉਸ ਨੂੰ ਸਾਂਈਂ ਦੀ ਸੋਝੀ ਦਿੱਤੀ। ਉਹ ਮਨਸੁਖ ਮਨ ਦਾ ਸੁਖੀ ਯਾ ਗੁਰਮੁਖ ਹੋ ਗਿਆ। ਮਨਸੁਖ ਸੰਗਲਾਦੀਪ ਮਾਲ ਖ਼੍ਰੀਦਣ ਗਿਆ ਓਥੇ ਉਹ ਭਜਨ ਸਿਮਰਨ ਕਰੇ ਪਰ ਵਰਤ ਪੂਜਾ ਕੁਛ ਨਾ ਕਰੇ, ਲੋਕਾਂ ਨੇ ਰਾਜੇ ਸ਼ਿਵਨਾਭ ਪਾਸ ਚੁਗਲੀ ਲਾਈ ਕਿ ਇਕ ਐਸਾ ਹਿੰਦੂ ਹਿੰਦ ਥੀਂ ਆਇਆ ਹੈ ਕਿ ਉਹ ਕਰਮ ਭ੍ਰਿਸ਼ਟ ਹੈ। ਰਾਜੇ ਨੇ ਸਦਵਾ ਕੇ ਪੁੱਛਿਆ ਤਾਂ ਮਨਸੁਖ ਨੇ ਕਿਹਾ-ਰਾਜਨ! 'ਜਿਸ ਕਾਰਨ ਤੁਮ ਬਰਤ ਨੇਮ ਸੰਜਮ ਕਰਤੇ ਹੋ ਸੋ ਵਸਤੂ ਮੈਂ ਪਾਈ ਹੈ। ਕਿਆ ਵਰਤ ਨੇਮ ਕਰਉ'। ਰਾਜੇ ਪੁੱਛਿਆ, 'ਤੂ ਕੀਹ ਪਾਇਆ ਹੈ ?' ਉਸ ਨੇ ਕਿਹਾ, 'ਮੈਂ ਮੁਕਤ ਪਾਈ ਹੈ, ਮਹਾਂ ਪੁਰਖ ਦੇ ਦਰਸ਼ਨ ਪਾਏ ਹਨ, ਓਸ ਮੁਕਤੀ ਬਖਸ਼ੀ ਹੈ।'

ਰਾਜੇ ਪੁੱਛਿਆ-ਕਲਿਜੁਗ ਵਿਚ ਕਉਣ ਹੈ ਜਿਸ ਦੇ ਦਰਸ਼ਨ ਕੀਤੇ ਮੁਕਤਿ ਥੀਵੇ ? ਤਦ ਬਾਣੀਏ ਨੇ ਗੁਰੂ ਨਾਨਕ ਦੇਵ ਜੀ ਦਾ ਨਾਮ ਲੀਤਾ ਤੇ ਉਨ੍ਹਾਂ ਦੇ ਉਪਦੇਸ਼ ਦਾ ਜ਼ਿਕਰ ਕੀਤਾ। ਰਾਜਾ ਨੂੰ ਚੌਂਪ ਲਗ ਗਈ ਤੇ ਇਸ ਮਨਸੁਖ ਦਾ ਸਤਿਸੰਗ ਕਰਨ ਲਗ ਪਿਆ। ਮਨਸੁਖ ਨੇ ਗੁਰੂ ਕੀ ਬਾਣੀ, ਜੋ ਕੰਠ ਸੀ ਸੁਣਾਈ, ਜਿਸ ਕਰ ਰਾਜੇ ਨੂੰ ਹੋਰ ਪ੍ਰੇਮ ਵਧ ਗਿਆ। ਇਸ ਸਾਧੂ ਦੇ ਸੰਗ ਨਾਲ ਐਸਾ ਪ੍ਰੇਮ ਜਾਗਿਆ ਕਿ ਜਿਸਦੀ ਖਿੱਚ ਗੁਰੂ ਜੀ ਨੂੰ ਪਈ ਤੇ ਆਪ ਕਰਤਾਰਪੁਰੋਂ ਉਠਕੇ ਸੰਗਲਾਦੀਪ ਗਏ। ਸਾਖੀ ਸਭਨਾਂ ਨੂੰ ਯਾਦ ਹੀ ਹੈ ਕਿਵੇਂ ਉਸ ਦਾ ਪਾਰ ਉਤਾਰਾ ਗੁਰੂ ਬਾਬੇ ਨੇ ਕੀਤਾ। ਹੁਣ ਵੀਚਾਰ ਕਰੋ ਰਾਜਾ ਸ਼ਿਵਨਾਭ, ਜੋ ਦਿਖਾਵੇ ਦੇ ਕਰਮਾਂ ਦੇ ਅੰਧਕਾਰ ਵਿਚ ਸੀ, ਕੀਕੂੰ ਉਸ ਨੂੰ ਸਾਧੂ ਦੇ ਸੰਗ ਦੀ ਤੁਫੈਲ ਗੁਰੂ ਪ੍ਰਾਪਤ ਹੋਇਆ ਤੇ ਗੁਰੂ ਦੀ ਤੁਫੈਲ ਤ੍ਰਿਭਵਣ ਦੀ ਸੋਝੀ ਪ੍ਰਾਪਤ ਹੋਈ- "ਅੰਧੁਲੇ ਤ੍ਰਿਭਵਣ ਸੂਝਿਆ ਗੁਰ ਭੇਟਿ ਪੁਨੀਤਾ॥"

ਹੁਣ ਪਹਿਲੀ ਤੁਕ ਵਿਚ ਫੁਰਮਾਉਂਦੇ ਹਨ: "ਪਿੰਗੁਲ ਪਰਬਤ ਪਾਰਿ ਪਰੇ ਖਲ ਚਤੁਰ ਬਕੀਤਾ॥" ਪਿੰਗੁਲਾ ਜੋ ਟੁਰ ਨਹੀਂ ਸਕਦਾ, ਉਹ ਕਦੇ ਪਰਬਤ ਤੋਂ ਪਾਰ ਕਿਵੇਂ ਜਾ ਸਕਦਾ ਹੈ ? ਜੇ ਪਰਬਤ ਚੜ੍ਹਕੇ ਪਾਰਲੇ ਪਾਸੇ ਜਾ ਚੜ੍ਹੇ ਤਾਂ ਅਣਹੋਣੀ ਗੱਲ ਹੋਣੀ ਹੋ ਗਈ। ਸੋ ਦੇਖੋ ਕਉਡਾ ਰਾਖਸ਼ ਸੀ, ਅਰਥਾਤ ਆਦਮਖੋਰ ਜਾਂਗਲੀ ਕੌਮ ਵਿਚੋਂ ਸੀ, ਉਸਦਾ ਮੁਕਤ ਹੋਣਾ ਅਸੰਭਵ ਸੀ, ਪਰ ਗੁਰੂ ਬਾਬੇ ਨੇ ਉਸਨੂੰ ਬੀ ਸਾਂਈਂ ਦੀ ਸੋਝੀ ਦੇ ਕੇ ਆਤਮ ਰੰਗ ਦੇ ਸ਼ਿਖਰੇ ਚਾੜ੍ਹ ਦਿਤਾ। ਫੇਰ ਇਕ ਕੋੜ੍ਹੀ ਨੇ, ਜੋ ਦੀਪਾਲ ਪੁਰ ਵਾਲੇ ਪਾਸੇ ਰਹਿੰਦਾ ਸੀ, ਗੁਰੂ ਨਾਨਕ ਦੇਵ ਜੀ ਦਾ ਇਕ ਰਾਤ ਸੰਗ ਕੀਤਾ ਤਾਂ ਨਾਮ ਧ੍ਰੀਕ ਹੋਇਆ ਤੇ ਸੋਝੀ ਪਾ ਕੇ ਤਰ ਗਿਆ, ਦੇਹ ਬੀ ਅਰੋਗ ਹੋ ਗਈ। ਇਹ ਬੀ ਸਮਝੋ ਪਿੰਗਲ ਹੀ ਪਰਬਤ ਪਾਰ ਹੋ ਗਿਆ।

**(ਲੇਖ ਦਾ ਬਾਕੀ ਹਿੱਸਾ ਅਗਲੇ ਅੰਕ 'ਚ)**

# Sikhs in France

❖ Swarn Singh Kahlon

The Sikh immigration scene in France has been and continues to be dominated by the 'Turban' issue whereby Sikh students in public schools are debarred from wearing turban and the Sikhs photo in ID cards or passports has to be without turban. Despite this negative approach by the country to Sikhs, we found the Gurdwara in Bobigny, a suburb of Paris, humming with activity on a Sunday.

The earliest Sikh presence in France was that of Maharaja Duleep Singh (son of Maharaja Ranjit Singh), who died in Paris in 1893. A second instance refers to the several thousands of Sikh soldiers who fought and died in France, Belgium and Italy during the two World Wars. The sacrifice of Commonwealth soldiers is commemorated in the memorial complex of Neuve-Chapelle (French Flanders), especially dedicated to Indian Soldiers. During WW I, a total of 90,000 Indian soldiers (out of which 19 per cent were Sikhs) were posted in France, 8,500 died, 50,000 were wounded.

There is a beautiful photograph of a French lady presenting a flower to the Sikh soldiers marching in Champs Elysees!

According to Christine Molinier, a French Researcher, there are an estimated 15,000 Sikhs in France. Like many other countries of Europe, French was generally not the first choice for Sikhs but a stage in their process of multiple migrations. The community faced marginalization within French society especially in earlier years because of the illegal status of most immigrants but which also resulted in community solidarity. The community is operating through active networks that strongly binds Sikhs in France with their compatriots in UK, Germany or Belgium.

## The Country

The Republic of France has a population of more than 64 million people. France has overseas presence in the Atlantic, Indian, Pacific and Southern Oceans. Metropolitan France in Western Europe accounts for just over 80 per cent of the territory and 96 per cent of the population of the French Republic. France is an influential member of the European Union (EU). It is a leading industrialized country with a mature and sophisticated market economy. GDP is dominated by the services sector. France is the world's fifth largest exporter – the European Union as a bloc, is France's most important trading partner.

France is known the world over for its cuisine, fashion, culture and language. It is one of the most visited tourist destinations in the world. A key player on the global stage and a country at the political heart of Europe, France paid a high price in both economic and human terms during the two World Wars. The years which followed saw protracted conflicts culminating in independence for Algeria and most other French colonies in Africa as well as decolonization in South-East Asia. France was one of the founding fathers of European integration as the continent sought to rebuild after the devastation of World War II.



**Gurdwara Singh Sabha, Bobigny, France**

## France and French People

The Frenchmen have for centuries prided themselves on their civilizational centeredness. They have felt themselves to be unique. Others have conceded, however, reluctantly, this claim. The French nationalism has always presented itself as a self-contained nobility, directed against neither any other nation nor race. The Frenchman takes legitimate price in their flag, food, fashion, wines, cheese, art galleries and other countless fads; yet all this is marked by a kind of self-assurance that is not mean-spirited. Now, terror threatens to undo this national rectitude. Kaffeeklatsch by Harish Khare, *Tribune*, 23 April, 2017.

## HLC Report 2001

The Indian community in France is estimated at 65,000 or 0.11 per cent of the total population of 59 million. Indian citizens constitute 10,000 while PIOs, number around 55,000. In addition, Indian community in the Departments/ Overseas Territories of France including Reunion Islands,

Guadeloupe, St. Martinique, etc., number approximately 300,000. A majority of the members hail from former French colonies in India; Pondicherry, Karaikal, Yanam, Mahe and Chandranagore. Later arrivals in the country are mostly Gujaratis from other Franco-phone areas including Madagascar, Seychelles and Mauritius. The head of the Ismaili community, the Agha Khan has setup his headquarters near Paris.

A large majority of members of the Indian community are mainly engaged in private small businesses. Some are employed in educational institutions. While about 6,000 members are estimated to have taken up jobs in army/police forces, about 12,000 members are in the French Government service. Approximately 9,000 Indians may be working in a managerial capacity in French private companies. There are approximately 200 Indian professionals employed in well-known scientific, industrial and commercial companies/organizations. Some are running restaurants, shops, travel agencies and, IT companies. There is a small number of students. Most of the people of Indian origin residing in France belong to the middle class. The businessmen also market handicrafts, home furnishings, fabric and garments, gems and jewellery, rice, spices, ethnic groceries, fruits and vegetables, etc., from India. Indian food is getting increasingly popular in France. With France opening its IT sector for Indian professionals, Indian software industry may see a growth in exports to France in the IT sector.

The Indian community has formed a number of associations. However, an apex body of these associations was formed on 23 January, 1996 and designated as Federation of Indian Associations in France (FAFI).

Traditionally, the French have had a great love and admiration for Indian traditions and culture. Apart from the associations promoting Indian performing arts, cuisine, yoga, etc., there are large number of associations of Pondicherians and Tamils which focus mainly on the conservation of their own culture.

## General Migration to France

According to Wikipedia, as of 2008, the French National Institute of Statistics (INSEE) estimated that 5.3 million foreign-born immigrants and 6.5 million direct descendants of immigrants lived in France. This represents a total of 11.8 million, or 19 per cent of the population. In terms of origin, about 5.5 million are European, 4 million Maghrebi (Morocco, Algeria, Tunisia and Libya), 1 million Sub-Saharan African, and 400,000 Turkish. The region with the largest proportion of immigrants is Greater Paris.

Sikh immigration described later on has to be seen in this broader immigration scene. South Asians represent a small group, 100,000 people or more: the Punjabi numbers would thus be significant amongst Indian immigrants especially if one considers a large Pakistani presence. A distinction needs to be made between the French-speaking migrants who share with France a colonial past (such as Pondicherians, Vietnamese, Indians from Madagascar and Indo-Mauricians) and migrants from northern India, Pakistan, Bangladesh and Sri Lanka, with no historical or cultural connection with the host country.

## Sikh Migration to France

Excerpted from Brill's Encyclopedia of Sikhism

Most of the immigrants benefited from the legalization campaign launched by the socialist government in 1981-2. They were followed in the late 1980s by a second wave of migrants, linked to the political situation in Punjab, which propelled thousands of young Sikh men to apply for political asylum in Western countries at a time when European immigration policies were becoming stricter, particularly for asylum seekers. A third stage comprised the wives and children of the pioneers who migrated under the family reunification provisions, which created a second generation of French Sikhs in the early 1990s. Some others came in through family and friends relying in them for access to employment, housing and dealing with French bureaucracy.

Majority of the Sikh and other immigrants are involved in the informal economy, particularly in three sectors that are in great demand of a cheap, mostly migrant workforce: clothing, catering and construction work. The new arrivals initially start working for well-established ones who have secured residence documents and work permits. Hence a lot of Sikhs work say for a Pakistani business man (Pakistani immigrants are more numerous around 50,000 and are relatively older and better settled group in France).

## Gurdwaras

There are four Gurdwaras in and around Paris. Gurdwara Singh Sabha in Bobigny is the main and the oldest Gurdwara. Bobigny Gurdwara was established in the mid-1980s and the other in the 1990s.

**Gurdwara Singh Sabha**
16 rue de la Ferme – 93000 Bobigny
Facebook http://www.facebook.com

**Gurdwara Guru Tegh Bahadur Sahib**
64-6 route d'Aulnay – 93140 Bondy
Dasmesh_jatha@yahoo.com

**Gurdwara Shri Guru Ravidas Sabha**
97 rue Anatole France – 93120 La Courneuve 0148382188

**Gurdwara Baba Makhan Shah Lubana**
14 Avenue Jean Jaurès – 93350 Le Bourget 01483800

The Bobigny Gurdwara runs 'gurmat' and Punjabi classes as also 'gatka' (Sikh martial art) training session.

Courtesy : *Sikhs in Continental Europe*

✧ ✧ ✧ ✧ ✧

# ਸਰਬਲੋਹ ਦੀ ਆਰਤੀ

❖ ਵਰਿੰਦਰ ਸਿੰਘ ਵਾਲੀਆ

ਸਿੱਖ ਇਤਿਹਾਸ ਵਿਚ 16 ਤੋਂ 31 ਦਸੰਬਰ ਤਕ 'ਸ਼ਹੀਦੀ ਪੰਦਰਵਾੜਾ' ਮਨਾਇਆ ਜਾਂਦਾ ਹੈ। ਪੋਹ ਮਹੀਨੇ ਦਾ ਇਹ ਪੰਦਰਵਾੜਾ ਕਹਿਰ ਦਾ ਮਹੀਨਾ ਸੀ ਜਦੋਂ ਸਰਹਿੰਦ, ਚਮਕੌਰ ਅਤੇ ਮਾਛੀਵਾੜੇ ਦੀ ਸਰਜ਼ਮੀਨ 'ਤੇ ਲੋਕ-ਕਥਾ ਲਿਖੀ ਗਈ। ਪੰਜਾਬ, ਖ਼ਾਸ ਤੌਰ 'ਤੇ ਸਿੱਖ ਪੰਥ ਵਿਚ 'ਲੋਹ' (ਗੁਰ ਪਾਰਸ, ਹਮ ਲੋਹ), 'ਲੋਹ ਲੰਗਰ', 'ਲੋਹਾ ਖੜਕਾਉਣਾ' (ਜੰਗ ਕਰਨਾ), 'ਲੋਹ-ਕਲਮ', 'ਲੋਹਾ ਘਸਾਉਣਾ' (ਕੜਾਹ-ਪ੍ਰਸ਼ਾਦ ਤਿਆਰ ਕਰਨਾ), 'ਲੋਹ-ਪੁਰਸ਼' ਅਤੇ 'ਸਰਬਲੋਹ' ਸ਼ਬਦਾਂ ਦਾ ਖ਼ਾਸ ਮਹੱਤਵ ਹੈ। ਬਾਦਸ਼ਾਹ ਦਰਵੇਸ਼ ਗੁਰੂ ਗੋਬਿੰਦ ਸਿੰਘ ਆਨੰਦਪੁਰ ਛੱਡਣ ਪਿੱਛੋਂ ੭ ਪੋਹ ਸੰਮਤ ੧੭੬੧ ਵਿਚ ਬਾਦਸ਼ਾਹੀ ਫ਼ੌਜਾਂ ਦਾ ਟਾਕਰਾ ਕਰਦੇ ਹੋਏ ਚਮਕੌਰ ਸਾਹਿਬ ਦੀ ਗੜ੍ਹੀ ਵਿਚ ਪਧਾਰੇ ਸਨ। ਇਸੇ ਧਰਤੀ 'ਤੇ ਸਾਹਿਬਜ਼ਾਦਾ ਅਜੀਤ ਸਿੰਘ ਅਤੇ ਸਾਹਿਬਜ਼ਾਦਾ ਜੁਝਾਰ ਸਿੰਘ ਅਲੌਕਿਕ ਵੀਰਤਾ ਦਿਖਾਉਂਦੇ ਹੋਏ ਸ਼ਹੀਦ ਹੋਏ ਸਨ। ਚਾਰਾਂ ਸਾਹਿਬਜ਼ਾਦਿਆਂ ਦੀ ਸ਼ਹਾਦਤ ਤੋਂ ਬਾਅਦ ਮਾਛੀਵਾੜੇ ਦੇ ਘਣੇ ਜੰਗਲ ਵਿਚ ਪਹੁੰਚਣ ਵਾਲੇ ਸਰਬੰਸਦਾਨੀ ਦੇ ਸਾਹਸ ਨੂੰ ਅਣਗਿਣਤ ਕਵੀਆਂ ਨੇ ਭਾਵਪੂਰਤ ਸ਼ਬਦਾਂ ਵਿਚ ਚਿਤਰਨ ਦੀ ਕੋਸ਼ਿਸ਼ ਕੀਤੀ ਹੈ। ਪੋਹ ਦੀਆ ਰਾਤਾਂ ਦਾ ਕਹਿਰ ਵਰਣਨ ਕਰਨ ਲਈ ਕੋਈ ਵੀ ਬਹਿਰ ਅਧੂਰੀ ਹੈ। ਨੀਲੇ ਘੋੜੇ ਦੇ ਅਸਵਾਰ ਨੇ ਆਪਣੇ ਸ਼ਸਤਰਾਂ ਨੂੰ ਪਾਸੇ ਰੱਖਿਆ ਅਤੇ ਅੰਬਰ ਵੱਲ ਤੱਕਦਿਆਂ ਰੱਬ ਨੂੰ ਮਿੱਠਾ ਜਿਹਾ ਨਿਹੋਰਾ ਮਾਰਿਆ। 'ਲੋਹ-ਕਲਮ' ਸੁਤੇ-ਸਿੱਧ ਬੋਲ ਪਈ :

**ਮਿਤ੍ਰ ਪਿਆਰੇ ਨੂੰ ਹਾਲੁ ਮੁਰੀਦਾਂ ਦਾ ਕਹਣਾ॥...**

ਉਰਦੂ ਜ਼ਬਾਨ ਵਿਚ ਲਗਪਗ ਇਕ ਸਦੀ ਪਹਿਲਾਂ ਲਿਖੀਆਂ ਦੋ ਨਜ਼ਮਾਂ ਵਿਚ ਹਕੀਮ ਅੱਲ੍ਹਾ ਯਾਰ ਖ਼ਾਂ ਜੋਗੀ ਨੇ ਸਰਹਿੰਦ ਅਤੇ ਚਮਕੌਰ ਸਾਹਿਬ ਦੇ ਖ਼ੂਨੀ ਸਾਕਿਆਂ ਨੂੰ ਕਲਮਬੱਧ ਕਰ ਕੇ ਕਬਰਾਂ ਵਿਚ ਸੌਂ ਰਹੇ ਜ਼ਾਲਮਾਂ ਦੀਆਂ ਰੂਹਾਂ ਤਕ ਨੂੰ ਕੰਬਣੀ ਛੇੜ ਦਿੱਤੀ ਸੀ। ਚਮਕੌਰ ਸਾਹਿਬ ਦੀ ਅਸਾਵੀਂ ਜੰਗ ਵਿਚ ਕੁੱਦਣ ਤੋਂ ਪਹਿਲਾਂ ਛੋਟਾ ਸਾਹਿਬਜ਼ਾਦਾ ਬਾਬਾ ਜੁਝਾਰ ਸਿੰਘ ਆਪਣੇ ਗੁਰੂ-ਪਿਤਾ ਤੋਂ ਆਗਿਆ ਮੰਗਦਾ ਹੈ :

ਲੜਨਾ ਨਹੀਂ ਆਤਾ ਮੁਝੇ ਮਰਨਾ ਤੋ ਹੈ ਆਤਾ
ਖ਼ੁਦ ਬੜ ਕੇ ਗਲਾ ਤੇਗ ਪੇ ਧਰਨਾ ਤੋ ਹੈ ਆਤਾ

ਸਰਬੰਸ ਦਾਨ ਕਰਨ ਤੋਂ ਬਾਅਦ ਵੀ ਜੋ ਕੋਈ ਸਾਬਤ ਰਹਿੰਦਾ ਹੈ ਤਾਂ ਉਹ ਸੱਚਮੁੱਚ ਹੀ 'ਸਾਹਿਬੇ ਕਮਾਲ' ਹੋਣ ਦਾ ਸਬੂਤ ਹੈ। ਦੌਲਤ ਰਾਏ ਆਪਣੀ ਪੁਸਤਕ ਵਿਚ ਅੱਲ੍ਹਾ ਯਾਰ ਖ਼ਾਂ ਜੋਗੀ ਦੀ ਨਜ਼ਮ ਦਾ ਹਵਾਲਾ ਦਿੰਦਾ ਹੈ :

ਕਰਤਾਰ ਕੀ ਸੌਗੰਧ ਹੈ ਨਾਨਕ ਕੀ ਕਸਮ ਹੈ।
ਜਿਤਨੀ ਭੀ ਹੋ ਗੋਬਿੰਦ ਕੀ ਤਾਰੀਫ਼ ਵੋਹ ਕਮ ਹੈ।

ਗੁਰੂ ਗੋਬਿੰਦ ਸਿੰਘ ਦੀ ਸ਼ਖ਼ਸੀਅਤ ਤੋਂ ਪ੍ਰਭਾਵਿਤ ਹੋ ਕੇ, ਕ੍ਰਾਂਤੀਕਾਰੀ ਕਵੀ ਸੰਤ ਰਾਮ ਉਦਾਸੀ ਅਤੇ 'ਬਿਰਹਾ ਦਾ ਸੁਲਤਾਨ' ਵਜੋਂ ਮਕਬੂਲ ਸ਼ਿਵ ਕੁਮਾਰ ਬਟਾਲਵੀ ਨੇ ਵੀ ਕੁਝ ਨਜ਼ਮਾਂ ਲਿਖੀਆਂ ਹਨ। ਵਿਦਵਾਨ ਲੇਖਕ ਇਕਬਾਲ ਸਿੰਘ ਲਾਲਪੁਰਾ ਨੂੰ ਸ਼ਿਕਵਾ ਹੈ ਕਿ ਆਲੋਚਕਾਂ ਨੇ ਸ਼ਿਵ ਕੁਮਾਰ ਦੀ ਗੁਰੂ ਗੋਬਿੰਦ ਸਿੰਘ ਬਾਰੇ ਲਿਖੀ ਨਜ਼ਮ 'ਆਰਤੀ' ਨੂੰ ਬਹੁਤ ਘੱਟ ਮਹੱਤਵ ਦਿੱਤਾ ਹੈ। 'ਆਰਤੀ' ਵਿਚ ਸ਼ਿਵ ਦੀ ਕਾਵਿ-ਉਡਾਰੀ ਭਾਵੇਂ ਕਮਾਲ ਦੀ ਹੈ, ਫਿਰ ਵੀ ਉਹ ਆਪਣੀ ਕਲਮ ਨੂੰ ਬੌਣਾ ਸਮਝਦਾ ਹੈ। ਆਪਣੀ ਨਜ਼ਮ ਵਿਚ ਉਹ ਭਾਵੇਂ ਗੁਰੂ ਗੋਬਿੰਦ ਸਿੰਘ ਦਾ ਜ਼ਿਕਰ ਨਹੀਂ ਕਰਦਾ ਪਰ ਸ਼ਬਦ-ਚਿੱਤਰ ਵਿੱਚੋਂ ਉਨ੍ਹਾਂ ਦੀ ਸ਼ਖ਼ਸੀਅਤ ਸੁਤੇ-ਸਿੱਧ ਡਲ੍ਹਕਾਂ ਮਾਰਦੀ ਹੈ :

ਮੈਂ ਕਿਸ ਹੰਝੂ ਦਾ ਦੀਵਾ ਬਾਲ ਕੇ
ਤੇਰੀ ਆਰਤੀ ਗਾਵਾਂ
... ... ...
ਮੇਰਾ ਕੋਈ ਗੀਤ ਨਹੀਂ ਐਸਾ
ਜੋ ਤੇਰੇ ਮੇਚ ਆ ਜਾਵੇ
ਭਰੇ ਬਾਜ਼ਾਰ ਵਿਚ ਜਾ ਕੇ
ਜੋ ਆਪਣਾ ਸਿਰ ਕਟਾ ਆਵੇ
ਜੋ ਆਪਣੇ ਸੁਹਲ ਛਿੰਦੇ ਬੋਲ
ਨੀਂਹਾਂ ਵਿਚ ਚਿਣਾ ਆਵੇ
ਤਿਹਾਏ ਸ਼ਬਦ ਨੂੰ ਤਲਵਾਰ ਦਾ
ਪਾਣੀ ਪਿਆ ਆਵੇ
ਜੋ ਲੁੱਟ ਜਾਵੇ ਤੇ ਮੁੜ ਵੀ
ਯਾਰੜੇ ਦੇ ਸੱਥਰੀਂ ਗਾਵੇ
ਚਿੜੀ ਦੇ ਖੰਭ ਦੀ ਲਲਕਾਰ
ਸੌ ਬਾਜ਼ਾਂ ਨੂੰ ਖਾ ਜਾਵੇ
ਮੈਂ ਕਿੰਜ ਤਲਵਾਰ ਦੀ ਗਾਨੀ
ਅੱਜ ਆਪਣੇ ਗੀਤ ਗਲ ਪਾਵਾਂ
ਮੇਰਾ ਹਰ ਗੀਤ ਬੁਜ਼ਦਿਲ ਹੈ
ਮੈਂ ਕਿਹੜਾ ਗੀਤ ਅੱਜ ਗਾਵਾਂ
ਮੈਂ ਕਿਹੜੇ ਬੋਲ ਦੀ ਭੇਟਾ
ਲੈ ਕੇ ਤੇਰੇ ਦੁਆਰ ਆਵਾਂ
ਮੇਰੇ ਗੀਤਾਂ ਦੀ ਮਹਿਫਲ 'ਚੋਂ
ਕੋਈ ਉਹ ਗੀਤ ਨਹੀਂ ਲੱਭਦਾ
ਜੋ ਤੇਰੇ ਸੀਸ ਮੰਗਣ 'ਤੇ
ਤੇਰੇ ਸਾਹਵੇਂ ਖੜ੍ਹਾ ਹੋਵੇ
ਜੋ ਮੈਲੇ ਹੋ ਚੁੱਕੇ ਲੋਹੇ ਨੂੰ
ਆਪਣੇ ਖ਼ੂਨ ਵਿਚ ਧੋਵੇ
ਕਿ ਜਿਸ ਦੀ ਮੌਤ ਪਿੱਛੋਂ
ਓਸ ਨੂੰ ਕੋਈ ਸ਼ਬਦ ਨਾ ਰੋਏ
ਕਿ ਜਿਸ ਨੂੰ ਪੀੜ ਤਾਂ ਕੀਹ
ਪੀੜ ਦਾ ਅਹਿਸਾਸ ਨਾ ਛੋਹਵੇ
ਜੋ ਲੋਹਾ ਪੀ ਸਕੇ ਉਹ ਗੀਤ
ਕਿਥੋਂ ਲੈ ਕੇ ਮੈ ਆਵਾਂ

➢ ➢

## ਗੁਰਦੁਆਰਾ ਜੋਤੀ ਸਰੂਪ ਸਾਹਿਬ ਵਿਖੇ ਛੋਟੇ ਸਾਹਿਬਜ਼ਾਦਿਆਂ ਦੀ ਯਾਦ 'ਚ ਹੋਈ ਤਿੰਨ-ਰੋਜ਼ਾ ਸ਼ਹੀਦੀ ਸਭਾ



ਗੁਰੂ ਗੋਬਿੰਦ ਸਿੰਘ ਦੇ ਛੋਟੇ ਸਾਹਿਬਜ਼ਾਦੇ ਬਾਬਾ ਜੋਰਾਵਰ ਸਿੰਘ, ਬਾਬਾ ਫ਼ਤਿਹ ਸਿੰਘ ਅਤੇ ਮਾਤਾ ਗੁਜਰੀ ਦੀ ਯਾਦ 'ਚ ਗੁਰਦੁਆਰਾ ਜੋਤੀ ਸਰੂਪ ਵਿਖੇ ਤਿੰਨ-ਰੋਜ਼ਾ ਸ਼ਹੀਦੀ ਸਭਾ ਦਾ ਆਯੋਜਨ ਹੋਇਆ। 25 ਦਸੰਬਰ ਨੂੰ ਗੁਰਦੁਆਰਾ ਸਾਹਿਬ ਵਿਖੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਅਖੰਡ ਪਾਠ ਆਰੰਭ ਹੋਏ ਜਿਸਦੇ ਭੋਗ 27 ਦਸੰਬਰ ਨੂੰ ਪਏ। ਉਪਰੰਤ ਕਥਾ-ਕੀਰਤਨ ਅਤੇ ਢਾਡੀ ਪ੍ਰਸੰਗਾਂ ਦਾ ਪ੍ਰਵਾਹ ਚੱਲਿਆ। ਇਸ ਮੌਕੇ ਦੇਸ਼-ਵਿਦੇਸ਼ ਤੋਂ ਪਹੁੰਚੇ ਲੱਖਾਂ ਸ਼ਰਧਾਲੂਆਂ ਨੇ ਪਵਿੱਤਰ ਸਰੋਵਰ 'ਚ ਇਸ਼ਨਾਨ ਕੀਤੇ ਅਤੇ ਗੁਰਦੁਆਰਾ ਸਾਹਿਬ ਨਤਮਸਤਕ ਹੋਈਆਂ। ਅਖ਼ੀਰਲੇ ਦਿਨ ਸਾਹਿਬਜ਼ਾਦਿਆਂ ਦੀ ਲਾਸਾਨੀ ਸ਼ਹਾਦਤ ਦੀ ਯਾਦ 'ਚ ਗੁਰਦੁਆਰਾ ਫਤਿਹਗੜ੍ਹ ਸਾਹਿਬ ਤੋਂ ਗੁਰਦੁਆਰਾ ਜੋਤੀ ਸਰੂਪ ਸਾਹਿਬ ਤਕ ਨਗਰ-ਕੀਰਤਨ ਕੱਢਿਆ ਗਿਆ। ਇਸ ਨਗਰ-ਕੀਰਤਨ ਵਿਚ ਹਜ਼ਾਰਾਂ ਸ਼ਰਧਾਲੂਆਂ ਨੇ ਸ਼ਮੂਲੀਅਤ ਕੀਤੀ। ਨਗਰ-ਕੀਰਤਨ ਦੀ ਸਮਾਪਤੀ ਤੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਕਾਰਜਕਾਰੀ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੇ ਕੌਮ ਦੇ ਨਾਂ ਸੰਦੇਸ਼ 'ਚ ਸੰਗਤਾਂ ਨੂੰ ਸਾਹਿਬਜ਼ਾਦਿਆਂ ਦੀ ਲਾਮਿਸਾਲ ਕੁਰਬਾਨੀ ਤੋਂ ਪ੍ਰੇਰਨਾ ਲੈਣ ਅਤੇ ਹੱਕਾਂ ਦੀ ਖ਼ਾਤਰ ਹੁੰਦੇ ਸੰਘਰਸ਼ਾਂ 'ਚ ਆਪਣੀ ਸ਼ਮੂਲੀਅਤ ਦਰਜ ਕਰਾਉਣ ਦੀ ਅਪੀਲ ਕੀਤੀ। ਇਸ ਮੌਕੇ ਸ਼੍ਰੋਮਣੀ ਕਮੇਟੀ ਦੀ ਪ੍ਰਧਾਨ ਬੀਬੀ ਜਗੀਰ ਕੌਰ ਸਣੇ ਉੱਘੀਆਂ ਪੰਥਕ ਸ਼ਖ਼ਸੀਅਤਾਂ ਹਾਜ਼ਰ ਸਨ। ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਗੁਰਦੁਆਰਾ ਮਾਤਾ ਸੁੰਦਰੀ ਜੀ ਵਿਖੇ ਸਾਹਿਬਜ਼ਾਦਿਆਂ ਦੀ ਯਾਦ 'ਚ ਸਮਾਗਮ ਕੀਤਾ ਗਿਆ। ਸਵੇਰੇ ਅੰਮ੍ਰਿਤ ਵੇਲੇ ਤੋਂ ਹੀ ਦੀਵਾਨ ਸਜੇ ਅਤੇ ਪ੍ਰਸਿੱਧ ਕਥਾ-ਕੀਰਤਨਕਾਰਾਂ ਨੇ ਹਾਜ਼ਰੀ ਭਰੀ। ਇਸ ਤੋਂ ਇਲਾਵਾ ਦੇਸ਼ਾਂ-ਵਿਦੇਸ਼ਾਂ 'ਚ ਵੀ ਸਾਹਿਬਜ਼ਾਦਿਆਂ ਦਾ ਸ਼ਹੀਦੀ ਦਿਵਸ ਮਨਾਇਆ ਗਿਆ।

## ਆਸਟਰੀਆ 'ਚ ਸਿੱਖ ਧਰਮ ਹੋਇਆ ਰਜਿਸਟਰਡ

ਸੁਨੱਖਾ ਦੇਸ਼ ਆਸਟਰੀਆ ਯੂਰਪ ਦਾ ਪਹਿਲਾ ਦੇਸ਼ ਬਣ ਗਿਆ ਹੈ ਜਿੱਥੇ ਉੱਥੋਂ ਦੀ ਸਿੱਖ ਨੌਜਵਾਨ ਸਭਾ ਦੀਆਂ ਅਣਥੱਕ ਕੋਸ਼ਿਸ਼ਾਂ ਸਦਕਾ ਸਿੱਖ ਧਰਮ ਰਜਿਸਟਰਡ ਹੋ ਗਿਆ ਹੈ। ਸਭਾ ਵੱਲੋਂ ਇਸ ਸੰਬੰਧੀ ਨਵੰਬਰ 2019 'ਚ ਕਾਰਵਾਈ ਸ਼ੁਰੂ ਕਰ ਦਿੱਤੀ ਗਈ ਸੀ ਤੇ ਮਹਿਜ਼ 13 ਮਹੀਨਿਆਂ ਦੀ ਘਾਲਣਾ ਤੋਂ ਬਾਅਦ 17 ਦਸੰਬਰ, 2020 ਨੂੰ ਉਹਨਾਂ ਨੂੰ ਸਿੱਖ ਧਰਮ ਦੇ ਆਸਟਰੀਆ 'ਚ ਰਜਿਸਟਰਡ ਹੋਣ ਦਾ ਸਰਟੀਫਿਕੇਟ ਮਿਲ ਗਿਆ। ਹੁਣ ਆਸਟਰੀਆ 'ਚ ਅੱਗੋਂ ਪੈਦਾ ਹੋਣ ਵਾਲੇ ਬੱਚੇ ਆਪਣੇ ਜਨਮ-ਸਰਟੀਫਿਕੇਟ 'ਚ ਆਪਣਾ ਧਰਮ 'ਸਿੱਖ' ਵਜੋਂ ਲਿਖਵਾ ਸਕਣਗੇ। ਇਸ ਪ੍ਰਾਪਤੀ ਤੇ ਸਮੁੱਚੇ ਸਿੱਖ ਜਗਤ ਨੇ ਖ਼ੁਸ਼ੀ ਦਾ ਇਜ਼ਹਾਰ ਕੀਤਾ ਹੈ ਤੇ ਆਸ ਪ੍ਰਗਟਾਈ ਹੈ ਕਿ ਯੂਰਪ ਦੇ ਬਾਕੀ ਦੇਸ਼ਾਂ 'ਚ ਵੀ ਰਜਿਸਟਰੇਸ਼ਨ ਦੀ ਪ੍ਰਕ੍ਰਿਆ ਅੱਗੇ ਵਧੇਗੀ ਜਿੱਥੇ ਭਾਈਚਾਰੇ ਵੱਲੋਂ ਨਿਰੰਤਰ ਕੋਸ਼ਿਸ਼ਾਂ ਜਾਰੀ ਹਨ। ✧✧

---

➢ ➢... ... ...

ਮੈਂ ਤੇਰੀ ਉਸਤਤੀ ਦਾ ਗੀਤ
ਚਾਹੁੰਦਾ ਹਾਂ ਕਿ ਉਹ ਹੋਵੇ
ਜਿਦ੍ਹੇ ਹੱਥ ਸੱਚ ਦੀ ਤਲਵਾਰ
ਤੇ ਨੈਣਾਂ 'ਚ ਰੋਹ ਹੋਵੇ...

ਸ਼ਿਵ ਕੁਮਾਰ ਬਟਾਲਵੀ ਢੁੱਕਵੇਂ ਬਿੰਬਾਂ ਦੀ ਵਰਤੋਂ ਕਰ ਕੇ ਸਰਬਲੋਹ ਨਾਲ ਬਣੇ ਖੰਡੇ-ਬਾਟੇ ਦੀ ਗੱਲ ਕਹਿ ਜਾਂਦਾ ਹੈ। ਖੰਡੇ ਦੀ ਹਰਕਤ ਨਾਲ ਹੀ ਤਾਂ ਅੰਮ੍ਰਿਤ ਤਿਆਰ ਹੁੰਦਾ ਹੈ। ਸੱਥਰ ਦੇ ਜ਼ਿਕਰ ਨਾਲ, "ਯਾਰੜੇ ਦਾ ਸਾਨੂੰ ਸਥਰ ਚੰਗਾ, ਭਠ ਖੇੜਿਆਂ ਦਾ ਰਹਣਾ" ਵੱਲ ਇਸ਼ਾਰਾ ਕਰਦਾ ਹੈ। ਸ਼ਿਵ ਦੀ 'ਆਰਤੀ' ਨਾਲ ਗੁਰੂ ਗੋਬਿੰਦ ਸਿੰਘ ਵੱਲੋਂ ਜਨ-ਸਾਧਾਰਨ ਖ਼ਾਤਰ ਵਿੱਢਿਆ ਸੰਘਰਸ਼ ਅਤੇ ਲਾਸਾਨੀ ਕੁਰਬਾਨੀਆਂ ਸਨਮੁੱਖ ਆ ਜਾਂਦੀਆਂ ਹਨ। ਸੰਨ 1960 ਵਿਚ ਪ੍ਰਕਾਸ਼ਤ ਹੋਈ ਸ਼ਿਵ ਦੀ ਪਹਿਲੀ ਪੁਸਤਕ **ਪੀੜਾਂ ਦਾ ਪਰਾਗਾ** ਅਤੇ 1964 ਵਿਚ ਛਪੀ **ਬਿਰਹਾ ਤੂ ਸੁਲਤਾਨ** ਤੋਂ ਬਾਅਦ, ਬਿਰਹਾ ਨੇ ਉਸ ਦਾ ਮਰਨ ਤਕ ਸਾਥ ਨਹੀਂ ਛੱਡਿਆ ਜਿਸ ਕਰਕੇ 'ਆਰਤੀ' ਵਰਗੀਆਂ ਮਹਾਨ ਰਚਨਾਵਾਂ ਬਾਰੇ ਬਹੁਤੀ ਚਰਚਾ ਹੀ ਨਾ ਹੋ ਸਕੀ। ਸਿੱਖ ਪੰਥ ਵਿਸ਼ਵਕੋਸ਼ (ਡਾ. ਰਤਨ ਸਿੰਘ ਜੱਗੀ) ਵਿਚ 'ਆਰਤੀ' ਸ਼ਬਦ ਦੀ ਵਿਸਤ੍ਰਿਤ ਵਿਆਖਿਆ ਦਿੱਤੀ ਗਈ ਹੈ। ਇਕ ਮਤ ਅਨੁਸਾਰ 'ਆਰਤੀ' ਸੰਸਕ੍ਰਿਤ ਦੇ 'ਆਰਾਤ੍ਰਿਕ' ਸ਼ਬਦ ਦਾ ਅਪਭ੍ਰੰਸ਼ ਰੂਪ ਹੈ, ਭਾਵ ਉਹ ਜੋਤਿ ਜੋ ਰਾਤ ਤੋਂ ਬਿਨਾਂ ਵੀ ਜਗਾਈ ਜਾਏ। ਦੂਜੇ ਮਤ ਅਨੁਸਾਰ ਇਹ ਸੰਸਕ੍ਰਿਤ ਦੇ 'ਆਰੁਤ' ਸ਼ਬਦ ਤੋਂ ਬਣਿਆ ਹੈ ਜਿਸ ਤੋਂ ਭਾਵ ਹੈ ਦੁਖ-ਪੂਰਨ ਜਾਂ ਆਜਿਜ਼ੀ ਦੇ ਸੁਰ ਵਿਚ ਇਸ਼ਟ-ਦੇਵ ਤੋਂ ਮੰਗਲ-ਕਾਮਨਾ ਕਰਨੀ... ਮੱਧ-ਯੁਗ ਦੇ ਵੈਸ਼ਣਵ ਭਗਤਾਂ ਵਿਚ ਆਰਤੀ ਉਤਾਰਨ ਦਾ ਬਹੁਤ ਰਿਵਾਜ ਸੀ। ਨਿਰਗੁਣ ਉਪਾਸ਼ਕ ਭਗਤਾਂ ਨੇ ਇਸ ਦਿਖਾਵੇ ਦੇ ਆਚਾਰ ਨੂੰ ਵਿਅਰਥ ਸਮਝ ਕੇ ਸੱਚੇ ਅਰਥਾਂ ਵਿਚ ਸਹਿਜ-ਸੁਭਾਵਿਕ ਆਰਤੀ ਕਰਨ ਉੱਤੇ ਬਲ ਦਿੱਤਾ ਹੈ। ਗੁਰੂ ਨਾਨਕ ਦੇਵ ਜੀ ਨੇ ਧਨਾਸਰੀ ਰਾਗ ਵਿਚ ਪਰਮਾਤਮਾ ਦੇ ਵਿਰਾਟ ਰੂਪ ਵਾਲੀ ਸਹਿਜ ਆਰਤੀ ਦਾ ਸਰੂਪ ਸਪੱਸ਼ਟ ਕੀਤਾ ਹੈ ਜਿਸ ਵਿਚ ਬ੍ਰਹਿਮੰਡ ਦੀ ਹਰ ਵਸਤੂ ਆਪਣੀ ਸ਼ਕਤੀ ਅਤੇ ਸਮਰੱਥਾ ਅਨੁਸਾਰ ਜੁਟੀ ਹੋਈ ਹੈ :

**ਗਗਨ ਮੈ ਥਾਲੁ ਰਵਿ ਚੰਦੁ ਦੀਪਕ ਬਨੇ ਤਾਰਿਕਾ ਮੰਡਲ ਜਨਕ ਮੋਤੀ॥**

ਸੰਤ ਰਾਮ ਉਦਾਸੀ ਨੇ 'ਗੁਰੂ ਗੋਬਿੰਦ ਸਿੰਘ ਜੀ ਦਾ ਲੋਕਾਂ ਦੇ ਨਾਂ ਅੰਤਿਮ ਸੁਨੇਹਾ' ਅਨੁਵਾਨ ਹੇਠ ਲਿਖੀ ਲੰਮੀ ਕਵਿਤਾ ਵਿਚ ਸੰਤ-ਸਿਪਾਹੀ ਦੇ ਮਹਾਨ ਮਿਸ਼ਨ ਨੂੰ ਇੰਜ ਉਲੀਕਿਆ ਹੈ :

ਮੈਂ ਆਪਣੇ ਪੁੱਤ ਨੂੰ ਪਾਣੀ ਦੀ ਨਾ ਸੀ ਬੂੰਦ ਵੀ ਦਿੱਤੀ
ਮਕਸਦ ਹੋਰ ਸੀ ਘਨੱਈਏ ਦਾ ਪਾਣੀ ਪਿਲਾਵਣ ਦਾ
ਲਹਿਜਾ ਹੋਰ ਹੁੰਦਾ ਏ ਨਿਰ੍ਹੇ ਮਿਸਰੀ ਦੇ ਪਾਣੀ ਵਿਚ
ਤੇ ਮਕਸਦ ਹੋਰ ਹੁੰਦਾ ਸੀ ਮੇਰੇ ਅੰਮ੍ਰਿਤ ਛਕਾਵਣ ਦਾ

ਜ਼ਾਲਮ ਮੁਗ਼ਲ ਸਾਮਰਾਜ ਨਾਲ ਲੋਹਾ ਲੈ ਕੇ ਪੰਜਾਬ ਨਹੀਂ, ਸਗੋਂ ਸਮੁੱਚੇ ਦੇਸ਼ ਦਾ ਇਤਿਹਾਸ ਬਦਲਣ ਵਾਲਿਆਂ ਦੀ ਲੋਹ-ਕਲਮ ਨਾਲ ਲਿਖੀ ਲੋਹ-ਕਥਾ ਆਉਣ ਵਾਲੀਆਂ ਪੀੜ੍ਹੀਆਂ ਦੇ ਕਵੀਆਂ ਨੂੰ ਸਦਾ ਟੁੰਬਦੀ ਰਹੇਗੀ।

**-ਅਜੋਕੇ ਸਿੱਖ ਸਰੋਕਾਰ 'ਚੋਂ**

✧ ✧ ✧ ✧ ✧

ੴ

ਸ੍ਰੀ ਵਾਹਿਗੁਰੂ ਜੀ ਕੀ ਫਤਹਿ॥

# ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਉਪਦੇਸ਼

{ਗੁਰੂ ਗ੍ਰੰਥ ਸਾਹਿਬ ਅੰਗ-੫੭੦, ਸੰਥਜਾ ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ-੩੫੦੩}

ਮੂਲ — [ਵਡਹੰਸੁ ਮਹਲਾ ੩, ਛੰਤ ੫-੭] — ਅਰਥ

**ਵਡਹੰਸੁ ਮਹਲਾ ੩॥ ਸਚਾ ਸਉਦਾ ਹਰਿ ਨਾਮੁ ਹੈ ਸਚਾ ਵਾਪਾਰਾ ਰਾਮ॥ ਗੁਰਮਤੀ ਹਰਿ ਨਾਮੁ ਵਣਜੀਐ ਅਤਿ ਮੋਲੁ ਅਫਾਰਾ ਰਾਮ॥ ਅਤਿ ਮੋਲੁ ਅਫਾਰਾ ਸਚ ਵਾਪਾਰਾ ਸਚਿ ਵਾਪਾਰਿ ਲਗੇ ਵਡਭਾਗੀ॥ ਅੰਤਰਿ ਬਾਹਰਿ ਭਗਤੀ ਰਾਤੇ ਸਚਿ ਨਾਮਿ ਲਿਵ ਲਾਗੀ॥ ਨਦਰਿ ਕਰੇ ਸੋਈ ਸਚੁ ਪਾਏ ਗੁਰ ਕੈ ਸਬਦਿ ਵੀਚਾਰਾ॥ ਨਾਨਕ ਨਾਮਿ ਰਤੇ ਤਿਨ ਹੀ ਸੁਖੁ ਪਾਇਆ ਸਾਚੈ ਕੇ ਵਾਪਾਰਾ॥੧॥**

ਹਰੀ ਦਾ ਨਾਮ ਸੱਚਾ ਸੌਦਾ ਹੈ, (ਹਰੀ ਨਾਮ ਦਾ ਸਿਮਰਨ ਇਸ ਦਾ ਵਪਾਰ ਕਰਨਾ ਹੈ, ਸੋ ਬੀ) ਸੱਚਾ ਵਪਾਰ ਹੈ। (ਸੋ) ਗੁਰੂ ਦੁਆਰਾ ਹਰੀ ਨਾਮ ਦਾ ਵਪਾਰ ਕਰੀਏ, (ਇਸ ਵਪਾਰ ਦਾ) ਬੜਾ ਵੱਡਾ ਮੁੱਲ ਹੈ। (ਹਾਂ, ਇਸ) ਸੱਚੇ ਵਪਾਰ ਦਾ ਮੁੱਲ ਬਹੁਤ (ਹੀ) ਵੱਡਾ ਹੈ, (ਇਸ) ਸੱਚੇ ਵਪਾਰ ਵਿਚ ਵੱਡੇ ਭਾਗਾਂ ਵਾਲੇ ਲਗੇ ਹਨ, (ਹਾਂ, ਜਿਨ੍ਹਾਂ ਦੀ) ਲਿਵ ਸੱਚੇ ਨਾਮ ਵਿਚ ਲਿਵ ਲਗੀ ਹੈ ਓਹ ਅੰਦਰ ਬਾਹਰੋਂ (=ਮਨੋਂ ਤਨੋਂ) ਭਗਤੀ ਰੰਗ ਵਿਚ ਰੰਗੇ ਹੋਏ ਹਨ। (ਜਿਸ ਉਤੇ ਉਹ ਪ੍ਰਭੂ) ਕ੍ਰਿਪਾ ਦ੍ਰਿਸ਼ਟੀ ਕਰੇ ਉਹੋ ਗੁਰੂ ਦੇ ਸ਼ਬਦ ਦੀ ਵੀਚਾਰ ਦੁਆਰਾ ਸੱਚ ਨੂੰ ਪਾ ਲੈਂਦਾ ਹੈ। ਹੇ ਨਾਨਕ! (ਜੋ) ਨਾਮ ਵਿਚ ਰੰਗੇ ਗਏ ਹਨ ਉਨ੍ਹਾਂ ਨੇ ਹੀ ਸੱਚੇ (ਵਾਹਿਗੁਰੂ) ਦੇ (ਇਸ ਸੱਚੇ) ਵਪਾਰ ਵਿਚ ਲੱਗਕੇ ਸੁਖ ਪਾਇਆ ਹੈ॥੧॥

**ਹੰਉਮੈ ਮਾਇਆ ਮੈਲੁ ਹੈ ਮਾਇਆ ਮੈਲੁ ਭਰੀਜੈ ਰਾਮ॥ ਗੁਰਮਤੀ ਮਨੁ ਨਿਰਮਲਾ ਰਸਨਾ ਹਰਿ ਰਸੁ ਪੀਜੈ ਰਾਮ॥ ਰਸਨਾ ਹਰਿ ਰਸੁ ਪੀਜੈ ਅੰਤਰੁ ਭੀਜੈ ਸਾਚ ਸਬਦਿ ਬੀਚਾਰੀ॥ ਅੰਤਰਿ ਖੂਹਟਾ ਅੰਮ੍ਰਿਤਿ ਭਰਿਆ ਸਬਦੇ ਕਾਢਿ ਪੀਐ ਪਨਿਹਾਰੀ॥ ਜਿਸੁ ਨਦਰਿ ਕਰੇ ਸੋਈ ਸਚਿ ਲਾਗੈ ਰਸਨਾ ਰਾਮੁ ਰਵੀਜੈ॥ ਨਾਨਕ ਨਾਮਿ ਰਤੇ ਸੇ ਨਿਰਮਲ ਹੋਰ ਹਉਮੈ ਮੈਲੁ ਭਰੀਜੈ॥੨॥**

ਮਾਯਾ ਦੀ ਮੈਲ ਹਉਮੈ ਹੈ, (ਇਸ) ਮਾਯਾ ਦੀ ਮੈਲ ਨਾਲ ਭਰੇ ਜਾਈਦਾ ਹੈ। ਗੁਰੂ ਦੀ ਮਤਿ ਨਾਲ (ਲੈ ਕੇ) ਹਰੀ (ਨਾਮ) ਦਾ ਰਸ ਰਸਨਾ ਨਾਲ ਪੀਵੀਏ (ਤਾਂ) ਮਨ ਨਿਰਮਲ (ਪਵਿਤ੍ਰ) ਹੋ ਜਾਂਦਾ ਹੈ। (ਹਾਂ) ਰਸਨਾਂ ਨਾਲ ਹਰੀ ਰਸ ਪੀਵੀਏ, ਅੰਦਰ ਜਾਏ ਭਿੱਜ (=ਪ੍ਰੇਮ ਨਾਲ ਦ੍ਰਵੀਭੂਤ ਹੋ ਜਾਏ) ਤੇ ਸੱਚੇ ਸ਼ਬਦ ਦੁਆਰਾ ਵੀਚਾਰਵਾਨ ਹੋ ਜਾਈਏ। (ਹੇ ਭਾਈ! ਸਭ ਦੇ) ਅੰਦਰ (ਮਨ ਵਿਚ) ਅੰਮ੍ਰਿਤ ਨਾਲ ਭਰਿਆ ਹੋਇਆ (ਇਕ) ਖੂਹ ਹੈ, (ਉਸ ਵਿਚੋਂ) ਪਾਣੀ ਭਰਨ ਵਾਲੀ (=ਸੁਰਤ) ਸ਼ਬਦ ਦੁਆਰਾ (ਅੰਮ੍ਰਿਤ) ਕੱਢ ਕੱਢਕੇ ਪੀਂਦੀ ਹੈ। ਜਿਸ ਉਤੇ (ਪ੍ਰਭੂ) ਕ੍ਰਿਪਾ ਦ੍ਰਿਸ਼ਟੀ ਕਰਦਾ ਹੈ ਉਹੋ ਹੀ ਸੱਚ ਵਿਚ ਲਗਦਾ ਹੈ, (ਉਹੀ) ਰਸਨਾਂ ਨਾਲ ਨਾਮ ਨੂੰ ਸਿਮਰਦਾ ਹੈ। ਹੇ ਨਾਨਕ! (ਜੋ) ਨਾਮ ਵਿਚ ਰੱਤੇ ਹੋਏ ਹਨ ਉਹੀ ਪਵਿਤ੍ਰ ਹਨ, ਹੋਰ ਹਉਮੈ (ਰੂਪੀ) ਮੈਲ ਨਾਲ ਭਰੇ ਜਾਂਦੇ ਹਨ॥੨॥

**ਪੰਡਿਤ ਜੋਤਕੀ ਸਭਿ ਪੜਿ ਪੜਿ ਕੂਕਦੇ ਕਿਸੁ ਪਹਿ ਕਰਹਿ ਪੁਕਾਰਾ ਰਾਮ॥ ਮਾਇਆ ਮੋਹੁ ਅੰਤਰਿ ਮਲੁ ਲਾਗੈ ਮਾਇਆ ਕੇ ਵਾਪਾਰਾ ਰਾਮ॥ ਮਾਇਆ ਕੇ ਵਾਪਾਰਾ ਜਗਤਿ ਪਿਆਰਾ ਆਵਣਿ ਜਾਣਿ ਦੁਖੁ ਪਾਈ॥ ਬਿਖੁ ਕਾ ਕੀੜਾ ਬਿਖੁ ਸਿਉ ਲਾਗਾ ਬਿਸ੍ਟਾ ਮਾਹਿ ਸਮਾਈ॥ ਜੋ ਧੁਰਿ ਲਿਖਿਆ ਸੋਇ ਕਮਾਵੈ ਕੋਇ ਨ ਮੇਟਣਹਾਰਾ॥ ਨਾਨਕ ਨਾਮਿ ਰਤੇ ਤਿਨ ਸਦਾ ਸੁਖੁ ਪਾਇਆ ਹੋਰਿ ਮੂਰਖ ਕੂਕਿ ਮੁਏ ਗਾਵਾਰਾ॥੩॥**

ਪੰਡਤ ਤੇ ਜਜੋਤਸ਼ੀ ਪੜ੍ਹ ਪੜ੍ਹ ਕੇ ਸਾਰੇ (ਐਵੇਂ ਪਏ) ਉੱਚੀ ਉੱਚੀ ਬੋਲਦੇ ਹਨ (ਓਹ) ਵਪਾਰ (ਕਰ ਰਹੇ) ਹਨ। (ਹਾਂ, ਓਹ) ਮਾਯਾ ਦੇ ਵਪਾਰ (ਕਰਦੇ ਹਨ, ਉਨ੍ਹਾਂ ਨੂੰ ਤਾਂ) ਜਗਤ ਪਿਆਰਾ ਹੈ, (ਇਸ ਕਰਕੇ ਓਹ) ਜੰਮਣ ਮਰਣ ਵਿਚ ਦੁਖ ਪਾਉਂਦੇ ਹਨ। (ਜਿਵੇਂ ਕਿ) ਬਿਖ ਦਾ ਕੀੜਾ ਬਿਖ ਵਿਚ ਹੀ ਲੱਗਾ ਰਹਿੰਦਾ ਹੈ (ਤੇ ਅੰਤ ਉਸ) ਗੰਦ ਵਿਚ ਹੀ ਸਮਾ ਜਾਂਦਾ ਹੈ। ਜੋ ਧੁਰੋਂ (=ਦਰਗਾਹੋਂ) ਲਿਖਿਆ ਹੁੰਦਾ ਹੈ ਉਹੋ ਕੁਛ (ਉਹ) ਕਮਾਉਂਦਾ ਹੈ, ਮੇਟਣ ਵਾਲਾ ਕੋਈ ਨਹੀਂ। ਹੇ ਨਾਨਕ! ਜੋ ਨਾਮ ਵਿਚ ਲਗੇ ਹੋਏ ਹਨ ਉਨ੍ਹਾਂ ਨੇ ਸਦਾ ਦਾ ਸੁੱਖ ਪਾ ਲਿਆ ਹੈ, ਹੋਰ ਗੰਵਾਰ ਮੂਰਖ ਕੂਕਦੇ (ਪੁਕਾਰਦੇ) ਹੀ ਮਰ ਗਏ॥੩॥


**ਮਾਇਆ ਮੋਹਿ ਮਨੁ ਰੰਗਿਆ ਮੋਹਿ ਸੁਧਿ ਨ ਕਾਈ ਰਾਮ॥ ਗੁਰਮੁਖਿ ਇਹੁ ਮਨੁ ਰੰਗੀਐ ਦੂਜਾ ਰੰਗੁ ਜਾਈ ਰਾਮ॥ ਦੂਜਾ ਰੰਗੁ ਜਾਈ ਸਾਚਿ ਸਮਾਈ ਸਚਿ ਭਰੇ ਭੰਡਾਰਾ॥ ਗੁਰਮੁਖਿ ਹੋਵੈ ਸੋਈ ਬੂਝੈ ਸਚਿ ਸਵਾਰਣਹਾਰਾ॥ ਆਪੇ ਮੇਲੇ ਸੋ ਹਰਿ ਮਿਲੈ ਹੋਰੁ ਕਹਣਾ ਕਿਛੂ ਨ ਜਾਏ॥ ਨਾਨਕ ਵਿਣੁ ਨਾਵੈ ਭਰਮਿ ਭੁਲਾਇਆ ਇਕਿ ਨਾਮਿ ਰਤੇ ਰੰਗੁ ਲਾਏ॥੪॥੫॥**

ਮਨ (ਤਾਂ) ਮਾਇਆ ਦੇ ਮੋਹ ਨਾਲ ਰੰਗਿਆ ਹੋਇਆ ਹੈ, ਤੇ ਮੋਹ ਵਿਚ ਹੋਸ਼ ਹੀ ਕੋਈ ਨਹੀਂ ਰਹਿੰਦੀ। (ਤਾਂ ਕੀਹ ਕੀਤਾ ਜਾਏ? ਉੱਤਰ:) ਇਹ ਮਨ ਨੂੰ ਗੁਰੂ ਦੁਆਰਾ (ਨਾਮ ਨਾਲ) ਰੰਗੀਏ, (ਤਦ) ਦੂਜਾ (=ਮਾਇਆ ਦਾ) ਰੰਗ ਲਹਿ ਜਾਏਗਾ। ਹਾਂ, ਦੂਜਾ ਰੰਗ ਚਲਾ ਜਾਏਗਾ ਤੇ ਸੱਚ ਵਿਚ ਸਮਾਈ ਹੋ ਜਾਏਗੀ (ਤੇ ਅੰਦਰਲੇ ਭੰਡਾਰੇ ਭਾਵ) ਅੰਤਹਕਰਣ ਸੱਚ ਨਾਲ ਭਰੇ ਰਹਿਣਗੇ। ਜੋ ਗੁਰਮੁਖ ਹੋਵੇਗਾ (ਇਹ ਗੱਲ) ਓਹੋ ਸਮਝੇਗਾ (ਕਿ) ਸੱਚ ਹੀ (ਵਿਗੜੇ ਜੀਵ ਨੂੰ) ਸੰਵਾਰਨਹਾਰ ਹੈ। (ਗੱਲ ਕੀਹ) ਹੀ ਆਪੇ (ਜਿਸ ਨੂੰ) ਮੇਲ ਲਵੇ ਉਹੀ (ਉਸ ਨੂੰ) ਮਿਲ ਪੈਂਦਾ ਹੈ, ਹੋਰ ਕੁਛ ਕਿਹਾ ਨਹੀਂ ਜਾ ਸਕਦਾ। ਹੇ ਨਾਨਕ! ਨਾਮ ਤੋਂ ਬਿਨਾਂ ਹੋਣ ਕਰਕੇ (ਜੀਵ) ਭਰਮ ਨੇ ਭੁਲਾਇਆ ਹੋਇਆ ਹੈ, (ਪਰ) ਇਕ (ਐਸੇ ਬੀ ਹਨ ਜੋ) ਨਾਮ ਵਿਚ ਰੱਤੇ ਹੋਏ (ਪ੍ਰਭੂ ਨਾਲ) ਰੰਗ ਲਾਏ (ਸੁਖੀ) ਹਨ॥੪॥੫॥

'KHALSA SAMACHAR' New Delhi. Office of Posting NDGPO-110001 (Thursday-Friday) R.No.50825/1990 DL(ND)-11/6035/2018-19-20
Published & printed by Dr.Mohinder Singh on behalf of Bhai Vir Singh Sahitya Sadan, Published from Bhai Vir Singh Marg, Gole Market, New Delhi-110001 and printed at Print Media, 1331 Chowk Sangatrashan, Paharganj, New Delhi.
Editor Dr.Mohinder Singh. Phone 011-23363510, Email:info@bvsss.org www.bvsss.org
ਭਾਈ ਵੀਰ ਸਿੰਘ ਸਾਹਿਤ ਸਦਨ, ਨਵੀਂ ਦਿੱਲੀ ਵਲੋਂ ਪ੍ਰਕਾਸ਼ਕ ਤੇ ਛਾਪਕ ਡਾ.ਮਹਿੰਦਰ ਸਿੰਘ ਨੇ ਪ੍ਰਿੰਟ ਮੀਡੀਆ, 1331 ਚੌਂਕ ਸੰਗਤਰਾਸ਼ਾ, ਪਹਾੜ ਗੰਜ, ਨਵੀਂ ਦਿੱਲੀ-55 ਤੋਂ ਛਪਵਾਇਆ।
**ਸੰਪਾਦਕ: ਡਾ. ਮਹਿੰਦਰ ਸਿੰਘ।** [ਲੇਖਕਾਂ ਦੇ ਨਿਜੀ ਵਿਚਾਰਾਂ ਨਾਲ ਸੰਪਾਦਕ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ]

# ਸ੍ਰੀ ਗੁਰੂ ਤੇਗ਼ ਬਹਾਦਰ ਸਾਹਿਬ ਦੀ ਸ਼ਹੀਦੀ ਬਾਰੇ ਹੋਈ ਚਰਚਾ


ਨਵੀਂ ਦਿੱਲੀ, 24 ਦਸੰਬਰ 2020 : ਗੁਰੂ ਗ੍ਰੰਥ ਸਾਹਿਬ ਰਿਸੋਰਸ ਸੈਂਟਰ, ਭਾਈ ਵੀਰ ਸਿੰਘ ਸਾਹਿਤ ਸਦਨ ਵੱਲੋਂ ਭਗਤ ਸਾਹਿਬਾਨ ਅਤੇ ਬਾਣੀਕਾਰਾਂ ਬਾਰੇ ਚਲਦੀ ਮਹੀਨਾਵਾਰ ਲੜੀ ਵਾਰਤਾ ਦੇ ਅੰਤਰਗਤ ਇਸ ਵਾਰ ਸ੍ਰੀ ਗੁਰੂ ਤੇਗ਼ ਬਹਾਦਰ ਸਾਹਿਬ ਦੀ ਸ਼ਹੀਦੀ ਬਾਰੇ ਚਰਚਾ ਕੀਤੀ ਗਈ। ਮੁੱਖ ਵਕਤਾ ਸਨ ਪੰਜਾਬੀ ਯੂਨੀਵਰਸਿਟੀ, ਪਟਿਆਲਾ ਦੇ ਸਾਬਕਾ ਵਾਈਸ-ਚਾਂਸਲਰ ਅਤੇ ਨੈਸ਼ਨਲ ਕਮਿਸ਼ਨ ਫਾਰ ਮਾਨਿਓਰਿਟੀ ਐਜੂਕੇਸ਼ਨਲ ਇੰਸਟੀਟਿਊਸ਼ਨਜ਼ ਦੇ ਮੈਂਬਰ ਡਾ. ਜਸਪਾਲ ਸਿੰਘ। ਪ੍ਰੋਗਰਾਮ ਦੀ ਪ੍ਰਧਾਨਗੀ ਰਾਜ ਸਭਾ ਦੇ ਸਾਬਕਾ ਮੈਂਬਰ ਅਤੇ ਹਿੰਦੁਸਤਾਨ ਟਾਈਮਸ ਦੇ ਸਾਬਕਾ ਸੰਪਾਦਕ ਸ੍ਰੀ ਐਚ.ਕੇ. ਦੂਆ ਨੇ ਕੀਤੀ। ਡਾ. ਰਵੇਲ ਸਿੰਘ ਇਸ ਪ੍ਰੋਗਰਾਮ ਦੇ ਕਨਵੀਨਰ ਸਨ। ਪ੍ਰੋਗਰਾਮ ਦਾ ਆਰੰਭ ਕਰਦਿਆਂ ਸਦਨ ਦੇ ਡਾਇਰੈਕਟਰ ਡਾ. ਮਹਿੰਦਰ ਸਿੰਘ ਨੇ ਸਭ ਨੂੰ ਜੀਓ ਆਇਆਂ ਕਹਿੰਦਿਆਂ ਸਦਨ ਦੀਆਂ ਪੂਰੇ ਸਾਲ ਹੋਈਆਂ ਅਕਾਦਮਿਕ ਗਤੀਵਿਧੀਆਂ ਬਾਰੇ ਜ਼ਿਕਰ ਕੀਤਾ ਅਤੇ ਦੋਵੇਂ ਪ੍ਰਮੁੱਖ ਸ਼ਖ਼ਸੀਅਤਾਂ ਨਾਲ ਤਾਅਰੁੱਫ ਕਰਾਇਆ। ਉਪਰੰਤ ਡਾ. ਜਸਪਾਲ ਸਿੰਘ ਨੇ ਗੁਰੂ ਤੇਗ਼ ਬਹਾਦਰ ਦੀ ਸ਼ਹੀਦੀ ਦਾ ਜ਼ਿਕਰ ਕਰਦਿਆਂ ਇਸਨੂੰ ਇਤਿਹਾਸ ਦਾ ਰੁੱਖ ਬਦਲਣ ਵਾਲੀ ਵੱਡੀ ਘਟਨਾ ਕਿਹਾ। ਉਨ੍ਹਾਂ ਰਿਵਾਇਤੀ ਅਤੇ ਕਸ਼ਮੀਰ ਦੀਆਂ ਲਿਖਤਾਂ ਦਾ ਹਵਾਲਾ ਦਿੰਦਿਆਂ ਕਿਸੇ ਦੂਜੇ ਧਾਰਮਿਕ ਵਿਸ਼ਵਾਸਾਂ ਤੇ ਚਿੰਨ੍ਹਾਂ ਦੀ ਖ਼ਾਤਰ ਜਿਨ੍ਹਾਂ ਵਿਚ ਉਨ੍ਹਾਂ ਦਾ ਆਪਣਾ ਵਿਸ਼ਵਾਸ ਨਹੀਂ ਸੀ, ਦਿੱਤੀ ਸ਼ਹਾਦਤ ਨੂੰ ਅਦੁੱਤੀ ਕਿਹਾ। ਇਹ ਸ਼ਹਾਦਤ ਇਸ ਕਰਕੇ ਵੀ ਅਦੁੱਤੀ ਸੀ ਕਿ ਇਸ ਵਿਚ ਮਕਤੂਲ ਕਾਤਲ ਕੋਲ ਖ਼ੁਦ ਚਲ ਕੇ ਗਿਆ ਸੀ ਜਦਕਿ ਇਤਿਹਾਸ ਵਿਚ ਹਮੇਸ਼ਾ ਕਾਤਲ ਹੀ ਮਕਤੂਲ ਕੋਲ ਜਾਂਦਾ ਹੈ। ਡਾ. ਸਾਹਿਬ ਅਨੁਸਾਰ ਜਿਨ੍ਹਾਂ ਲੋਕਤੰਤਰੀ ਰਵਾਇਤਾਂ ਅਤੇ ਮਨੁੱਖੀ ਅਧਿਕਾਰਾਂ ਦੀ ਗੱਲ ਅਸੀਂ ਅੱਜ ਕਰਦੇ ਹਾਂ, ਗੁਰੂ ਸਾਹਿਬ ਆਪਣੀ ਸ਼ਹਾਦਤ ਰਾਹੀਂ ਬਹੁਤ ਸਮਾਂ ਪਹਿਲਾਂ ਦੀ ਦੱਸ ਗਏ ਸਨ। ਉਹਨਾਂ ਸ਼ਹਾਦਤ ਤੋਂ ਬਾਅਦ ਭਾਰਤੀ ਸਮਾਜ ਦੇ ਉਪਰ ਪਏ ਇਸਦੇ ਪ੍ਰਭਾਵ ਅਤੇ ਮਗਰੋਂ ਦੇ ਕੌਮੀ ਇਤਿਹਾਸ ਬਾਰੇ ਵੀ ਚਾਨਣਾ ਪਾਇਆ। ਸ੍ਰੀ ਐਚ.ਕੇ. ਦੂਆ ਨੇ ਆਪਣੇ ਪ੍ਰਧਾਨਗੀ ਭਾਸ਼ਣ 'ਚ ਡਾ. ਜਸਪਾਲ ਸਿੰਘ ਰਾਹੀਂ ਸੁਝਾਏ ਨੁਕਤਿਆਂ ਤੇ ਚਰਚਾ ਕਰਦਿਆਂ ਗੁਰੂ ਘਰ ਨਾਲ ਆਪਣੇ ਮੁੱਢਲੇ ਜੀਵਨ ਦੀਆਂ ਸਾਂਝਾਂ ਦਾ ਜ਼ਿਕਰ ਕੀਤਾ। ਉਹਨਾਂ ਅਨੁਸਾਰ ਸਿੱਖ ਗੁਰੂਆਂ ਨੇ ਹਮੇਸ਼ਾ ਸਮਾਜ ਤੇ ਦੂਜੇ ਦੀ ਭਲਾਈ ਬਾਰੇ ਸੋਚਿਆ ਅਤੇ ਉਸ ਖ਼ਾਤਰ ਆਪਣਾ ਆਪਾ ਤਕ ਕੁਰਬਾਨ ਕਰ ਦਿੱਤਾ ਪਰ ਇਸਦੇ ਉਲਟ ਅੱਜ-ਕੱਲ੍ਹ ਮਨੁੱਖ ਦੇਸ਼-ਸਮਾਜ ਬਾਰੇ ਨਾ ਸੋਚ ਕੇ ਆਪਣੇ ਬਾਰੇ ਹੀ ਸੋਚ ਰਿਹਾ ਹੈ। ਜਦਕਿ ਸਾਨੂੰ ਇਤਿਹਾਸ ਤੋਂ ਪ੍ਰੇਰਨਾ ਲੈ ਕੇ ਇਕ ਚੰਗੇ ਇਨਸਾਨ ਬਣਨ ਦੇ ਨਾਲ ਨਾਲ ਇਕ ਅਜਿਹੀ ਵਿਵਸਥਾ ਕਾਇਮ ਕਰਨ ਦੀ ਲੋੜ ਹੈ ਜਿਸ ਵਿਚ ਦੂਜੇ ਦੀ ਹੋਂਦ ਨੂੰ ਸਵੀਕਾਰਿਆ ਜਾਏ ਤੇ ਉਸਦੀ ਇੱਜ਼ਤ ਕੀਤੀ ਜਾਏ। ਗੁਰੂ ਤੇਗ਼ ਬਹਾਦਰ ਦੀ ਸ਼ਹਾਦਤ ਦਾ ਸਮਾਜ ਨੂੰ ਇਹੋ ਪ੍ਰਮੁੱਖ ਸੰਦੇਸ਼ ਹੈ। ਅਖ਼ੀਰ 'ਚ ਡਾ. ਰਵੇਲ ਸਿੰਘ ਨੇ ਸ਼ਹੀਦੀ ਪਰੰਪਰਾ ਦੇ ਤਹਿਤ ਸ. ਭਗਤ ਸਿੰਘ ਦੀ ਸ਼ਹੀਦੀ ਅਤੇ ਅੱਜ ਦੇ ਸਮੇਂ ਦਾ ਹਵਾਲਾ ਦਿੰਦਿਆਂ ਇਸ ਆਨਲਾਈਨ ਪ੍ਰੋਗਰਾਮ 'ਚ ਹਾਜ਼ਰ ਵਕਤਿਆਂ ਤੇ ਸਰੋਤਿਆਂ ਦਾ ਤਹਿਦਿਲੋਂ ਧੰਨਵਾਦ ਕੀਤਾ। ✧✧



**ਸ੍ਰੀ ਐਚ.ਕੇ. ਦੁਆ**



**ਡਾ. ਜਸਪਾਲ ਸਿੰਘ**



**ਡਾ. ਰਵੇਲ ਸਿੰਘ**